Copy Right Registered.

ਮਾਸੀ ਲੂੰਬੜੀ

ਤੇ G-310

ਸ਼ੇਰ ਦਾ ਦਰਬਾਰ

ماسی لومڑی تے شیر دا دربار

DYAL SINGH LIBRARY LAHORE.

ਕਰਤਾ

ਭਾਈ ਅਮਰ ਸਿੰਘ ਜੀ,

ਐਸਿਸਟੈਂਟ, ਐਜੂਕੇਸ਼ਨ ਡੀਪਾਰਟਮੈਂਟ, ਪੰਜਾਬ.

ਪ੍ਰਕਾਸ਼ਿਕ

"ਸੁਦਰਸ਼ਨ ਪ੍ਰੈਸ" ਹਾਲ ਬਾਜ਼ਾਰ, ਅਮ੍ਰਿਤਸਰ.

Brought to you by Archive of Punjab

ੴ ਸਤਿਗੁਰਪ੍ਰਸਾਦਿ ॥

ਇੱਕ ਸਮੇ ਕਿਸੇ ਬਣ ਵਿੱਚ ਬੜੀ ਕੁਰਲਾਹਟ ਪੈ ਗਈ ਤੇ ਸਾਰੇ ਪਸ਼ੂ ਪੰਛੀਆਂ ਨੇ ਰਲਕੇ ਆਪਣੇ ਪਾਤਸ਼ਾਹ ਕੋਲ ਜਾਕੇ ਫਰਯਾਦ ਕਰਨ ਦੀ ਸਲਾਹ ਕੀਤੀ। ਇਹ ਸਲਾਹ ਕਰਕੇ ਉਹ ਸ਼ੇਰ ਪਾਸ ਪੁੱਜੇ ਤੇ ਆਖਣ ਲੱਗੇ ਕਿ ਸਰਕਾਰ ਸਾਡੇ ਸਿਰ ਤੇ ਹੱਥ ਰੱਖੋ, ਨਹੀਂ ਤਾਂ ਅਸੀਂ ਉੱਜੜ ਜਾਵਾਂਗੇ; ਅਸੀਂ ਬੜੇ ਦੁਖੀ ਹੋ ਗਏ ਹਾਂ । ਤ੍ਰਾਹ ਤ੍ਰਾਹ, ਵਾਸਤਾ ਜੇ ਰੱਬ ਦਾ, ਸਾਡੀ ਰੱਖਿਆ ਕਰੋ; ਜੇ ਤੁਹਾਡੇ ਹੁੰਦਿਆਂ ਸਾਡਾ ਇਹ ਹਾਲ ਹੁੰਦਾ ਰਿਹਾ ਤਾਂ ਹੋਰ ਕਿਸ ਸਾਡੀ ਰਾਖੀ ਕਰਨੀ ਹੈ ? ਇਹ ਸੁਣਕੇ ਸ਼ੇਰ ਬੋਲਿਆ, ਤੁਸੀ ਦੱਸੋ ਤਾਂ ਸਹੀ ਹੋਇਆ ਕੀ ਹੈ ? ਸਾਰੇ ਆਖਣ: ਦੁਹਾਈ ਰੱਬ ਦੀ ਅਸੀ ਲੁੱਟੇ ਮਾਰੇ ਗਏ ! ਫਰਯਾਦ, ਫਰਯਾਦ ! ਜਦ ਰੌਲਾ ਮੱਠਾ ਹੋਇਆ ਤਾਂ ਸ਼ੇਰ ਆਖਣ ਲੱਗਾ ਹੱਛਾ ਮੈਂ ਪਰਸੋਂ ਇੱਕ ਵੱਡਾ ਦਰਬਾਰ ਕਰਾਂਗਾ, ਤੁਸੀ ਆਕੇ ਆਪਣੇ ੨ ਦੁੱਖ ਸੁਣਾਉਣੇ, ਮੈਂ ਸਭ ਦੂਰ ਕਰ ਦਿਆਂਗਾ । ਇਹ ਸੁਣਕੇ

Brought to you by Archive of Punjab

17381

ਸਾਰੇ ਖੁਸ਼ੀ ੨ ਆਪਣੇ ੨ ਘਰਾਂ ਨੂੰ ਮੁੜ ਗਏ। ਜਦ ਸਾਰੇ ਪਸ਼ੂ ਪੰਛੀ ਤੁਰ ਗਏ ਤਾਂ ਸ਼ੇਰ ਨੇ ਆਪਣੇ ਵਜ਼ੀਰਾਂ ਤੇ ਮੁਨਸ਼ੀਆਂ ਨੂੰ ਸੱਦ ਕੇ ਹੁਕਮ ਦਿੱਤਾ ਕਿ ਸਾਰਿਆਂ ਪਸ਼ੂਆਂ ਤੇ ਪੰਛੀਆਂ ਨੂੰ ਸੱਦਾ ਦੇ ਘੱਲੋ ਕਿ ਪਰਸੋਂ ਦਰਬਾਰ ਹੋਣਾ ਹੈ, ਓਹ ਸਾਰੇ ਜ਼ਰੂਰ ਹੀ ਆਉਣ ਤੇ ਆਪਣੀ ੨ ਸ਼ਕਾਇਤ ਪੇਸ਼ ਕਰਨ ॥

ਸ਼ੇਰ ਦਾ ਦਰਬਾਰ

ਜਦ ਦਰਬਾਰ ਦਾ ਦਿਨ ਆਇਆ ਤਾਂ ਇੱਕ ਬੜਾ ਭਾਰਾ ਸ਼ਮਿਆਨਾ ਲਾਕੇ ਉਸਦੇ ਹੇਠ ਦਰੀਆਂ ਵਿਛਾਕੇ ਉੱਪਰ ਇੱਕ ਤਖਤ ਤੇ ਸਿੰਘਾਸਨ ਪਾਦਸ਼ਾਹ ਦੇ ਬੈਠਣ ਲਈ ਸਜਾਇਆ ਗਿਆ। ਜਦ ਵੇਲਾ ਹੋਇਆ ਤਾਂ ਸ਼ੇਰ ਆਪਣੇ ਵਜ਼ੀਰਾਂ ਸਮੇਤ ਸਿੰਘਾਸਨ ਤੇ ਆ ਬੈਠਾ। ਹੌਲੀ ੨ ਕਿਰਮ ਕਿਰਨੀ ਪਸ਼ੂ ਪੰਛੀ ਵੀ ਆਉਣੇ ਸ਼ੁਰੂ ਹੋਏ। ਜਦ ਕੁਝ ਚਿਰ ਮਗਰੋਂ ਸਾਰਾ ਦੀਵਾਨ ਭਰ ਗਿਆ ਤਾਂ ਸ਼ੇਰ ਨੇ ਉੱਠ ਕੇ ਧਿਆਨ

Brought to you by Archive of Punjab

ਮਾਰਿਆ ਤਾਂ ਸਾਰੇ ਆਪਣੀ ੨ ਥਾਂ ਸਜੇ ਹੋਏ ਸਨ। ਕਿਧਰੇ ਤਾਂ ਬਘੇਲੇ ਸਿੰਘ ਹੋਰੀ ਬੈਠੇ ਸਨ, ਕਿਧਰੇ ਬਘਿਆੜ ਖਾਂ ਹੋਰੀ ਸਜੇ ਹੋਏ ਸੀ, ਪਰੇ ਬੀਬੀ ਬਿੱਲੀ ਬੈਠੀ ਸੀ, ਇੱਕ ਨੁੱਕਰੇ ਸਿਹਾ ਤੇ ਬਿੱਜੂ ਵੀ ਬੈਠੇ ਹੋਏ ਸਨ, ਦੂਜੇ ਪਾਸੇ ਮੋਰ ਕਬੂਤਰ ਤੇ ਹੋਰ ਕਈ ਪੰਛੀ ਬੈਠੇ ਦੀਵਾਨ ਦੀ ਸ਼ੋਭਾ ਵਧਾ ਰਹੇ ਸਨ। ਜਦ ਸ਼ੇਰ ਨੇ ਸਾਰਿਆਂ ਨੂੰ ਦੇਖਿਆ ਤਾਂ ਪਤਾ ਲੱਗਾ ਕਿ ਮਾਸੀ ਲੂੰਬੜੀ ਨਹੀਂ ਆਈ। ਇਹ ਵੇਖਕੇ ਪਾਤਸ਼ਾਹ ਨੇ ਵਜ਼ੀਰ ਕੋਲੋਂ ਪੁੱਛਿਆ ਕਿ ਕੀ ਉਸਨੂੰ ਸੱਦਾ ਨਹੀਂ ਘੱਲਿਆ ਗਿਆ ਸੀ ? ਉਸ ਨੇ ਉੱਤਰ ਦਿੱਤਾ ਜੀ ਮਹਾਰਾਜ ਉਸਨੂੰ ਚਪੜਾਸੀ ਸੱਦਾ ਪੱਤਰ ਦੇ ਆਇਆ ਸੀ ਤੇ ਉਸ ਦੀ ਸਹੀ ਕਾਗਜ਼ਾਂ ਤੇ ਹੋਈ ੨ ਹੈ। ਇਹ ਸੁਣਕੇ ਸ਼ੇਰ ਨੇ ਹੁਕਮ ਦਿੱਤਾ ਹੱਛਾ ਹੁਣ ਆਪਣੀ ੨ ਸ਼ਕੈਤ ਪੇਸ਼ ਕਰੋ॥

ਇਹ ਸੁਣਕੇ ਸਭ ਤੋਂ ਪਹਿਲਾਂ ਕੁੱਤੇ ਨੇ ਪੁਕਾਰ ਕੀਤੀ। ਦੁਹਾਈ ਸਰਕਾਰ ਦੀ ਦੁਹਾਈ, ਅਸੀ ਮਾਰੇ ਗਏ, ਸਰਕਾਰ ਏਸ ਖੇਖਨਾਂ ਪਿੱਟੀ ਲੂੰਬੜੀ ਨੇ ਸਾਡਾ ਕੋਈ ਜੀਉਣ ਦਾ ਹੱਜ ਨਹੀਂ ਛੱਡਿਆ; ਅਸੀ ਬੜੇ

Brought to you by Archive of Punjab

ਦੁਖੀ ਹੋ ਗਏ ਹਾਂ। ਸਰਕਾਰ ਇਸਦਾ ਕੋਈ ਬੰਦੋਬਸਤ ਕਰੇ। ਜੀ ! ਕੁਝ ਦਿਨ ਹੋਏ ਹਨ, ਮੈਂ ਇੱਕ ਸੇਠ ਦੇ ਘਰ ਗਿਆ, ਜਦ ਵੇਹੜੇ ਵਿੱਚ ਦੇਖਿਆ ਤਾਂ ਓਥੇ ਕੋਈ ਨਹੀਂ ਸੀ। ਇੱਕ ਥਾਲੀ ਵਿੱਚ ਚਾਰ ਰੋਟੀਆਂ ਪਈਆਂ ਸਨ, ਦੋ ਤਾਂ ਮੈਂ ਖਾ ਲਈਆਂ ਤੇ ਦੋ ਮੈਂ ਲੈ ਕੇ ਨੱਸ ਆਇਆ ਤੇ ਆਪਣੇ ਬੱਚਿਆਂ ਲਈ ਲੁਕਾ ਕੇ ਰੱਖ ਛੱਡੀਆਂ। ਜਦ ਓਹ ਆਏ ਤਾਂ ਮੈਂ ਉਨ੍ਹਾਂ ਨੂੰ ਰੋਟੀ ਦੇਣ ਲੱਗਾ ਤਾਂ ਹੱਕਾ ਬੱਕਾ ਰਹਿ ਗਿਆ। ਚਾਰੇ ਪਾਸੇ ਵੇਖਿਆ ਤਾਂ ਪਤਾ ਲੱਗਾ ਕਿ ਇਹ ਤਾਂ ਲੂੰਬੜ ਚੁਰਾ ਕੇ ਲੈ ਗਿਆ ਹੈ। ਮੇਰੇ ਬੱਚੇ ਸਾਰੀ ਰਾਤ ਭੁੱਖੇ ਭਾਣੇ ਵਿਲੂੰ ੨ ਕਰਦੇ ਰਹੇ। ਸਰਕਾਰ ਏਸਦਾ ਕੋਈ ਬੰਦੋਬਸਤ ਕਰੇ। ਅਜੇ ਕੁੱਤੇ ਨੇ ਆਪਣੀ ਗੱਲ ਮੁਕਾਈ ਵੀ ਨਹੀਂ ਸੀ ਤਾਂ ਦੂਜੇ ਪਾਸਿਓਂ ਬਘੇਲੇ ਸਿੰਘ ਹੋਰੀ ਬੋਲੇ ਸਰਕਾਰ ਤੁਹਾਨੂੰ ਪਤਾ ਨਹੀਂ ਹੈ ਇਸਨੇ ਗਰੀਬ ਲੇਲੇ ਨਾਲ ਕੀ ਜ਼ੁਲਮ ਕੀਤਾ ਹੈ। ਮੈਂ ਇੱਕ ਵਾਰੀ ਏਸਦੇ ਘਰ ਜਾਕੇ ਆਖਿਆ, "ਯਾਰ ਚਲ ਸ਼ਿਕਾਰ ਚੱਲੀਏ", ਇਹ ਸੁਣਕੇ ਇਸਨੇ ਮੈਨੂੰ ਆਖਿਆ ਕਿ "ਮੈਂ ਤਾਂ ਹੁਣ ਸੰਤ ਹੋ ਗਿਆ ਹਾਂ ਤੇ ਮਾਸ ਖਾਣਾ ਛੱਡ ਦਿੱਤਾ ਹੈ ਅਤੇ ਵਰਤ

Brought to you by Archive of Punjab

ਵ੍ਰਤ ਰੱਖਕੇ ਆਪਣਾ ਸਮਾਂ ਬਤੀਤ ਕਰਦਾ ਹਾਂ ਤੇ ਜੇ ਕੋਈ ਫਲ ਫੁਲ ਕਿਧਰੋਂ ਮਿਲ ਜਾਏ ਤਾਂ ਪ੍ਰਾਣਾਂ ਦੀ ਰੱਖਿਆ ਲਈ ਖਾ ਲੈਂਦਾ ਹਾਂ"। ਇਸਦਾ ਸੰਤਾਂ ਵਾਲਾ ਬਾਣਾ ਵੇਖਕੇ ਮੈਨੂੰ ਇਤਬਾਰ ਆ ਗਿਆ, ਤੇ ਮੈਂ ਆਖਿਆ "ਯਾਰ ਚੰਗਾ ਹੋਇਆ ਜੋ ਤੂੰ ਸੰਤ ਹੋ ਗਿਓਂ। ਮੈਨੂੰ ਵੀ ਤਾਂ ਇਹ ਰਾਹ ਦੱਸ, ਜੇ ਚਾਰ ਦਿਨ ਅਸੀਂ ਵੀ ਸੁਖ ਦੇ ਕੱਟ ਲਈਏ"। ਇਹ ਸੁਣਕੇ ਓਹ ਮੇਰੇ ਨਾਲ ਤੁਰ ਪਿਆ ਤੇ ਮੈਨੂੰ ਇੱਕ ਥਾਂ ਭਗਤੀ ਕਰਨ ਲਈ ਬਿਠਾਕੇ ਆਪ ਇੱਕ ਪਾਸੇ ਲੇਟ ਰਿਹਾ। ਮੇਰੇ ਵੇਖ-ਦਿਆਂ ੨ ਇੱਕ ਨਿੱਕਾ ਜਿਹਾ ਲੇਲਾ ਖੇਡਦਾ ੨ ਲੰਘਿਆ ਤੇ ਇਸਨੇ ਉਸ ਨੂੰ ਗਿੱਚੀਓਂ ਫੜਕੇ ਅਜੇਹੇ ਹਲੂਣੇ ਦਿੱਤੇ ਕਿ ਓਹ ਗਰੀਬ ਤੜਫ ੨ ਕੇ ਮਰ ਗਿਆ॥

ਅਜੇ ਬਘੇਲੇ ਦੀ ਗੱਲ ਵਿੱਚ ਹੀ ਸੀ ਕਿ ਬਘਿਆੜ ਖਾਂ ਬੋਲੇ "ਜੀ ਸਰਕਾਰ ਏਸ ਬਦਮਾਸ਼ ਨੇ ਤਾਂ ਹਨੇਰੀ ਚੁੱਕੀ ਹੋਈ ਹੈ। ਕੁਝ ਦਿਨ ਹੋਏ ਮੈਂ ਘਰ ਨਹੀਂ ਸੀ, ਇਹ ਦਾ ਤਾੜ ਕੇ ਸਾਡੇ ਘਰ ਵੜ ਗਿਆ, ਮੇਰੀ ਵਹੁਟੀ ਏਸ ਨੂੰ ਵੇਖਕੇ ਡਰੀ ਤੇ ਆਖਣ ਲੱਗੀ ਕਿ ਤੂੰ ਬਿਨਾਂ

Brought to you by Archive of Punjab

ਪੁੱਛੇ ਕਿਉਂ ਅੰਦਰ ਵੜ ਆਇਆ ਹੈਂ ? ਇਹ ਸੁਣਕੇ ਲੂੰਬੜ ਨੇ ਉਸ ਨੂੰ ਬਹੁਤ ਗਾਲ੍ਹਾਂ ਕੱਢੀਆਂ ਤੇ ਅੰਦਰ ਵੜਕੇ ਬੜਾ ਖਰੂਦ ਮਚਾਇਆ ਤੇ ਭਾਂਡੇ ਡੇਗਕੇ ਕਈ ਚੀਜ਼ਾਂ ਡੋਲ੍ਹੀਆਂ ਅਤੇ ਜਾਂਦੀ ਵਾਰੀ ਮਿਰਚਾਂ ਦੀ ਮੁੱਠ ਭਰਕੇ ਮੇਰੇ ਤਿੰਨਾਂ ਮੁੰਡਿਆਂ ਦੀਆਂ ਅੱਖਾਂ ਵਿੱਚ ਪਾਕੇ ਨੱਸ ਗਿਆ, ਜਿਸ ਨਾਲ ਓਹ ਵਿਚਾਰੇ ਅੰਨ੍ਹੇ ਚੁੰਨ੍ਹੇ ਹੋਕੇ ਘਰ ਬੈਠੇ ਹੋਏ ਹਨ" ॥

ਇਹ ਸਾਰੀਆਂ ਗੱਲਾਂ ਮਾਮਾਂ ਬਿੱਜੂ ਚੁੱਪ ਕਰਕੇ ਸੁਣਦਾ ਰਿਹਾ ਤੇ ਜਦ ਸਾਰੇ ਸ਼ਕਾਇਤਾਂ ਲਾ ਬੈਠੇ ਤਾਂ ਆਖਣ ਲੱਗਾ, "ਭਰਾਵੋ ਲੂੰਬੜ ਵਿਚਾਰਾ ਏਥੇ ਹੈ ਨਹੀਂ ਜੋ ਤੁਹਾਡਾ ਦਿਲ ਆਵੇ ਉਸਦੇ ਵਿਰੁੱਧ ਆਖੀ ਜਾਓ। ਸਰਕਾਰ! ਇਹ ਕੀ ਨਿਆਉਂ ਹੈ ਕਿ ਇੱਕ ਪਾਸੇ ਦੀ ਹੀ ਗੱਲ ਸੁਣਕੇ ਫੈਸਲਾ ਕਰ ਦਿੱਤਾ ਜਾਏ, ਸਰਕਾਰ ਨੂੰ ਦੂਜੇ ਪਾਸੇ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਮੈਨੂੰ ਵੀ ਲੂੰਬੜ ਦੀਆਂ ਗੱਲਾਂ ਦਾ ਕੁਝ ਪਤਾ ਹੈ ਤੇ ਜੇ ਸਰਕਾਰ ਹੁਕਮ ਦਿਓ ਤਾਂ ਮੈਂ ਕੁਝ ਥੋੜਾ ਜਿਹਾ ਹਾਲ ਸੁਣਾ ਦੇਵਾਂ। ਜੀ ਮੈਂ ਬਹੁਤ ਗੱਲਾਂ ਤਾਂ ਨਹੀਂ ਕਰਦਾ, ਤੁਹਾਨੂੰ

ਬਘਿਆੜ ਦੀ ਕਥਾ ਸੁਣਾ ਦੇਂਦਾ ਹਾਂ, ਇਹ ਵੀ ਬੜਾ ਕਪਟੀ ਹੈ। ਇੱਕ ਵਾਰੀ ਇਨ੍ਹਾਂ ਦੋਹਾਂ ਨੇ ਸਾਂਝਾ ਕੰਮ ਸ਼ੁਰੂ ਕੀਤਾ ਸੀ, ਬਘਿਆੜ ਆਪ ਤਾਂ ਸਾਰਾ ਦਿਨ ਮੌਜਾਂ ਕਰਦਾ ਫਿਰਦਾ ਤੇ ਗਰੀਬ ਲੂੰਬੜ ਨੂੰ ਫਾਹੇ ਦਿੱਤੀ ਰਖਦਾ ਤੇ ਜੋ ਲਾਹਾ ਹੁੰਦਾ ਸਾਰਾ ਆਪੇ ਹੀ ਹਜਮ ਕਰ ਜਾਂਦਾ ਸੀ"॥

ਇਹ ਸੁਣਕੇ ਬਾਦਸ਼ਾਹ ਬੋਲਿਆ ਇਹ ਕੋਈ ਵੱਡੀ ਗੱਲ ਨਹੀਂ, ਤੂੰ ਕੋਈ ਲੂੰਬੜ ਵਲ ਦੀ ਗੱਲ ਕਰ ਜਿਸ ਤੋਂ ਪਤਾ ਲੱਗੇ ਕਿ ਓਹ ਬੇਦੋਸ਼ਾ ਹੈ। ਇਹ ਸੁਣਕੇ ਮਾਮਾਂ ਬਿੱਜੂ ਬੋਲਿਆ "ਸਰਕਾਰ ਇੱਕ ਦਿਨ ਇਹ ਦੋਵੇਂ ਕਿਸੇ ਕੰਮ ਨੂੰ ਘਰੋਂ ਟੁਰੇ ਤੇ ਰਾਹ ਜਾਂਦਿਆਂ ੨ ਬਹੁਤ ਦਿਨ ਚੜ੍ਹ ਆਇਆ, ਇਨ੍ਹਾਂ ਨੂੰ ਬੜੀ ਭੁੱਖ ਲੱਗੀ। ਬਘਿਆੜ ਆਖਣ ਲੱਗਾ, ਯਾਰ ਕੁਝ ਖਵਾ ਤਾਂ ਸਹੀ। ਜਦ ਇਹ ਗੱਲਾਂ ਕਰਦੇ ਸੀ ਤਾਂ ਇੱਕ ਆਦਮੀ ਗੱਡ ਤੇ ਮੱਛੀਆਂ ਲੱਦੀ ਆਉਂਦਾ ਨਜ਼ਰੀ ਆਇਆ। ਉਸਨੂੰ ਦੇਖਕੇ ਬਘਿਆੜ ਬੋਲਿਆ "ਸ਼ਿਕਾਰ ਫਸਿਆ ਈ", ਕੋਈ ਉਪਰਾਲਾ ਕਰ।

ਲੂੰਬੜ ਥੋੜੀ ਦੂਰ ਅੱਗੇ ਜਾਕੇ ਘੇਸ ਵੱਟ ਕੇ ਸੜਕ ਤੇ ਲੇਟ ਰਿਹਾ, ਜਦ ਗੱਡ ਵਾਲੇ ਨੇ ਉਸ ਨੂੰ ਦੇਖਿਆ ਤਾਂ ਆਖਣ ਲੱਗਾ "ਲੈ ਭਾਈ ਮੌਜ ਹੋਈ, ਲੂੰਬੜ ਹੱਥ ਆ ਗਿਆ ਹੈ, ਮੰਡੀ ਚੱਲਕੇ ਇਸਦੀ ਖੱਲ ਵੇਚਾਂਗੇ" ਤੇ ਉਸਨੂੰ ਪੂਛਲੋਂ ਫੜਕੇ ਆਪਣੀ ਗੱਡ ਵਿੱਚ ਸੁੱਟ ਲਿਆ। ਜਰਾ ਅੱਗੇ ਜਾਕੇ ਲੂੰਬੜ ਨੇ ਵੇਖਿਆ ਕਿ ਬਘਿਆੜ ਵੀ ਮਗਰ ੨ ਟੁਰੀ ਆਉਂਦਾ ਹੈ। ਉਸ ਨੇ ਹੌਲੀ ੨ ਲੱਤਾਂ ਨਾਲ ਮੱਛੀਆਂ ਹੇਠਾਂ ਸੁੱਟਣੀਆਂ ਸ਼ੁਰੂ ਕੀਤੀਆਂ। ਜਿਸ ਵੇਲੇ ਮੱਛੀ ਡਿੱਗੇ ਮਗਰੋਂ ਉਸਦਾ ਸਾਥੀ ਸਾਂਭੀ ਜਾਵੇ। ਜਦ ਬਹੁਤ ਸਾਰੀਆਂ ਮੱਛੀਆਂ ਕੱਠੀਆਂ ਹੋ ਗਈਆਂ ਤਾਂ ਬਘਿ-ਆੜ ਹੋਰੀਂ ਲੈਕੇ ਖਿਸਕ ਗਏ ਤੇ ਇੱਕ ਪਾਸੇ ਬਹਿ ਕੇ ਛਕਣ ਲੱਗ ਪਏ। ਜਿਸ ਵੇਲੇ ਲੂੰਬੜ ਨੂੰ ਪਤਾ ਲੱਗਾ ਕਿ ਉਹ ਤੁਰ ਗਿਆ ਹੈ ਤਾਂ ਉਹ ਵੀ ਛਾਲ ਮਾਰ ਕੇ ਨੱਸ ਗਿਆ ਤੇ ਬਘਿਆੜ ਦੇ ਮਗਰ ਭੱਜਾ। ਅੱਗੇ ਆਕੇ ਕੀ ਵੇਖਦਾ ਏ ਕਿ ਉਹ ਤਾਂ ਆਪਣਾ ਮਸਤ ਹੋਕੇ ਮੁੱਛਾਂ ਨੂੰ ਤਾ ਦੇ ਕੇ ਬੈਠਾ ਹੋਇਆ ਹੈ। ਉਸਨੂੰ ਵੇਖਕੇ ਆਖਣ ਲੱਗਾ "ਲਿਆ ਯਾਰ ਮੇਰਾ ਹਿੱਸਾ" ਇਹ

ਸੁਣਕੇ ਉਹ ਮੱਛੀਆਂ ਦੇ ਹੱਡਾਂ ਵੱਲ ਸੈਨਤ ਕਰ ਕੇ ਆਖਣ ਲੱਗਾ "ਓਹ ਤੇਰਾ ਹਿੱਸਾ ਪਿਆ ਈ, ਆਸ ਹੈ ਕਿ ਏਸ ਨਾਲ ਤੂੰ ਰੱਜ ਜਾਵੇਂਗਾ" ਤੇ ਆਪ ਨੱਸ ਗਿਆ ਤੇ ਲੂੰਬੜ ਸੜ ਭੁੱਜ ਕੇ ਚੁੱਪ ਕਰ ਗਿਆ"॥

ਇਹ ਸੁਣਕੇ ਸ਼ੇਰ ਬੋਲਿਆ "ਹਾਂ ਭਾਈ ਸੱਚ ਹੈ, ਕੀ ਹੋਰ ਵੀ ਕੋਈ ਗੱਲ ਹੈਈ ?" ਮਾਮਾਂ ਬੋਲਿਆ "ਸਰਕਾਰ ਇੱਕ ਦਿਨ ਇਨ੍ਹਾਂ ਨੂੰ ਪਤਾ ਲੱਗਾ ਕਿ ਪਿੰਡ ਦਾ ਚੋਧਰੀ ਹਰਨ ਮਾਰ ਕੇ ਲਿਆਇਆ ਹੈ। ਦੋਹਾਂ ਦੇ ਮੂੰਹ ਵਿੱਚ ਪਾਣੀ ਆ ਗਿਆ ਤੇ ਸਲਾਹ ਕਰਨ ਲੱਗੇ ਕਿ ਚਲੋ, ਚਲ ਕੇ ਕਿਸੇ ਤਰ੍ਹਾਂ ਹਰਨ ਉਡਾਈਏ । ਇਹ ਸੋਚ ਕੇ ਉਹ ਦੋਵੇਂ ਚੋਧਰੀ ਦੇ ਘਰ ਰਾਤੀਂ ਜਾ ਪੁੱਜੇ । ਲੂੰਬੜ ਇੱਕ ਬਾਰੀ ਥਾਣੀ ਟੱਪਕੇ ਅੰਦਰ ਵੜ ਗਿਆ ਤੇ ਅੰਦਰ ਵੜ ਕੇ ਕੀ ਵੇਖਦਾ ਹੈ ਕਿ ਹਰਨ ਇੱਕ ਕਿੱਲੀ ਨਾਲ ਟੰਗਿਆ ਹੋਇਆ ਹੈ । ਓਹ ਟੱਪਕੇ ਕਿੱਲੀ ਤੇ ਚੜ੍ਹ ਗਿਆ ਤੇ ਉਸਨੂੰ ਪੱਟ ਕੇ ਹਰਨ ਧੜਮ ਦਿੱਤੀ ਹੇਠਾਂ ਸੁੱਟ ਤੇ ਘੜੀਸ ਕੇ ਬਾਰੀ ਵਿੱਚ ਦੀ ਬਾਹਰ ਭੁਆ

ਮਾਰਿਆ। ਬਘਿਆੜ ਹੋਰੀਂ ਲੈ ਕੇ ਖਿਸਕਦੇ ਹੋਏ ਤੇ ਲੂੰਬੜ ਜਦ ਦੂਜੀ ਬਾਰੀਓਂ ਟੱਪਕੇ ਬਾਹਰ ਆਉਣ ਲੱਗਾ ਤਾਂ ਚੌਧਰੀ ਦੇ ਕੁੱਤੇ ਉਸਦੇ ਮਗਰ ਪੈ ਗਏ ਤੇ ਉਹ ਵਿਚਾਰਾ ਆਪਣੀ ਜਾਨ ਬਚਾਉਣ ਲਈ ਉਨ੍ਹਾਂ ਦੇ ਅੱਗੇ ੨ ਨੱਸਿਆ ਫਿਰਿਆ ਤੇ ਮਸਾਂ ੨ ਉਨ੍ਹਾਂ ਤੋਂ ਪਿੱਛਾ ਛੁਡਾਇਆ । ਜਦ ਬਚ ਕੇ ਆਇਆ ਤਾਂ ਬਘਿਆੜ ਸਭ ਕੁਝ ਖਾ ਪੀ ਬੈਠਾ ਸੀ। ਇਹ ਵੇਖਕੇ ਉਹ ਵਿਚਾਰਾ ਰੋਣਹਾਕਾ ਹੋ ਕੇ ਪੁੱਛਣ ਲੱਗਾ "ਕਿਉਂ ਯਾਰ ! ਮੇਰਾ ਹਿੱਸਾ ਕਿੱਥੇ ਈ ?" ਇਸ ਦੇ ਉਤ੍ਰ ਵਿੱਚ ਉਸ ਨੇ ਲੂੰਬੜ ਨੂੰ ਕਿੱਲੀ ਫੜਾ ਦਿੱਤੀ ਤੇ ਮਗਰੋਂ ਹੱਸਣ ਲੱਗ ਪਿਆ"॥

ਇਹ ਸੁਣਕੇ ਪਾਤਸ਼ਾਹ ਪੁੱਛਣ ਲੱਗਾ ਕਿਉਂ ਭਾਈ ! ਤੇਰੇ ਕੋਲ ਏਸ ਦਾ ਕੀ ਉਤ੍ਰ ਹੈ ? ਅਜੇ ਬਘਿਆੜ ਦੇ ਮੂੰਹ ਵਿੱਚ ਹੀ ਗੱਲ ਸੀ ਕਿ ਮਾਮਾਂ ਆਖਣ ਲੱਗਾ ਕਿ ਸਰਕਾਰ ਜੋ ਕੁਝ ਪਿੱਛੇ ਹੋਇਆ ਸੋ ਹੋਇਆ ਹੁਣ ਤਾਂ ਵਿਚਾਰਾ ਲੂੰਬੜ ਸੰਤ ਹੋ ਗਿਆ ਹੈ ਤੇ ਆਪਣੇ ਕੀਤੇ ਦਾ ਪਸਚਾਤਾਪ ਕਰਦਾ ਹੈ ਤੇ ਅੱਗੋਂ

ਲਈ ਕੰਨਾਂ ਨੂੰ ਹੱਥ ਲਾਉਂਦਾ ਹੈ । ਸੰਤ ਬਣ ਕੇ ਉਸਨੇ ਗੋਦੜੀ ਪਾ ਲਈ ਹੈ ਤੇ ਮਹਿਲ ਮਾੜੀਆਂ ਛੱਡ ਕੇ ਇੱਕ ਕੁਟੀਆ ਵਿੱਚ ਜਾ ਬੈਠਾ ਹੈ ਤੇ ਰਾਤ ਦਿਨ ਤਪ ਕਰ ੨ ਕੇ ਬੜਾ ਮਾੜਾ ਹੋ ਗਿਆ ਹੈ। ਜਦ ਇਹ ਗੱਲ ਬਾਤ ਹੋ ਰਹੀ ਸੀ, ਤਾਂ ਰੋਣ ਪਿੱਟਣ ਦੀ ਅਵਾਜ਼ ਆਈ। ਜਦ ਦਰਬਾਰ ਦਾ ਬੂਹਾ ਖੋਲਿਆ ਤਾਂ ਕੀ ਵੇਖਦੇ ਹਨ ਕਿ ਲੋਕੀ ਇੱਕ ਤਖਤਾ ਚੁੱਕੀ ਆਉਂਦੇ ਹਨ, ਜਿਸ ਤੇ ਇੱਕ ਕੁਕੜੀ ਪਈ ਹੋਈ ਹੈ, ਜਿਸਦੇ ਸਾਰੇ ਖੰਭ ਖੁੱਥੇ ਹੋਏ ਤੇਂ ਸਿਰ ਨਾਲੋਂ ਲੱਥਾ ਹੋਇਆ ਹੈ । ਦੋਹੀਂ ਪਾਸੀਂ ਦੋ ਕੁੱਕੜ ਰੋਂਦੇ ਕੁਰਲਾਂਦੇ ਨਾਲ ਲਗੇ ਆਂਉਦੇ ਹਨ ॥

ਪਾਤਸ਼ਾਹ ਨੂੰ ਵੇਖ ਕੇ ਇੱਕ ਕੁੱਕੜ ਆਖਣ ਲੱਗਾ, "ਸਰਕਾਰ ਮੈਂ ਲੁੱਟਿਆ ਗਿਆ, ਮਾਰਿਆ ਗਿਆ, ਮੇਰਾ ਘਰ ਕੁੱਲਾ ਵਰਾਨ ਹੋ ਗਿਆ, ਮੈਂ ਉੱਜੜ ਗਿਆ, ਮੈਂ ਹੁਣ ਕੀ ਕਰਾਂ ਤੇ ਕਿੱਧਰ ਜਾਵਾਂ ! ਵੇਖੋ ਸਰਕਾਰ ! ਲੂੰਬੜ ਨੇ ਮੇਰੀ ਵਹੁਟੀ ਦਾ ਕੀ ਹਾਲ ਕੀਤਾ ਹੈ ! ਅਸੀਂ ਦੋਵੇਂ ਜੀ ਆਪਣੇ ਬਾਲ ਬੱਚੇ

ਸਮੇਤ ਰਾਜੀ ਖ਼ੁਸ਼ੀ ਵਸਦੇ ਰਸਦੇ ਸਾਂ। ਸਾਡੇ ਘਰ ਦੇ ਪੰਜਾਹ ਸੱਠ ਜੀ ਸਨ। ਸਾਡੇ ਘਰ ਦੀਆਂ ਉੱਚੀਆਂ ੨ ਕੰਧਾਂ ਸਨ ਤੇ ਰਾਖੀ ਲਈ ਚੌਧਰੀ ਨੇ ਕੁੱਤੇ ਰੱਖੇ ਹੋਏ ਸੀ। ਅਸੀਂ ਮੌਜਾਂ ਨਾਲ ਫਿਰਦੇ ਤੁਰਦੇ ਸਾਂ ਤੇ ਕਈ ਵਾਰੀ ਸੁਣਿਆ ਸੀ ਕਿ ਲੂੰਬੜ ਹੋਰੀਂ ਏਧਰ ਫੇਰਾ ਤੋਰਾ ਕਰਦੇ ਤੇ ਸਾਡੇ ਤੇ ਅੱਖ ਰਖਦੇ ਹਨ। ਅਸੀਂ ਬੇਫਿਕਰ ਸਾਂ, ਜਦ ਆਉਂਦਾ ਕੁੱਤੇ ਏਸ ਨੂੰ ਨਸਾ ਦੇਂਦੇ। ਕੁਝ ਦਿਨ ਹੋਏ ਅਸਾਂ ਸੋਇ ਸੁਣੀ ਕਿ ਲੂੰਬੜ ਹੁਣ ਸੰਤ ਹੋ ਗਿਆ ਹੈ ਤੇ ਉਸਨੇ ਮਾਸ ਖਾਣਾ ਛੱਡ ਦਿੱਤਾ ਹੈ। ਏਸਨੇ ਇੱਕ ਦਿਨ ਸਾਡੇ ਬੂਹੇ ਅੱਗੇ ਆਕੇ ਅਵਾਜ ਮਾਰੀ ਤੇ ਆਖਣ ਲੱਗਾ ਕਿ ਮੈਂ ਕੁਕੜ ਨੂੰ ਮਿਲਨਾ ਹੈ। ਮੇਰੇ ਨੌਕਰਾਂ ਨੇ ਏਸ ਨੂੰ ਬੈਠਕ ਵਿੱਚ ਬਿਠਾ ਦਿੱਤਾ ਤੇ ਮੈਂ ਵੀ ਓਥੇ ਆ ਗਿਆ। ਮੈਨੂੰ ਵੇਖਕੇ ਏਸ ਨੇ ਸਰਕਾਰ ਦੀ ਇੱਕ ਚਿੱਠੀ ਦਿੱਤੀ ਜਿਸ ਵਿੱਚ ਲਿਖਿਆ ਸੀ ਕਿ ਸਭ ਲੋਕ ਮੌਜ ਨਾਲ ਖੁਲੇ ਫਿਰਨ ਤੁਰਨ ਤੇ ਸੈਲਾਂ ਕਰਨ, ਜੇ ਕੋਈ ਕਿਸੇ ਨੂੰ ਛੇੜੇ ਜਾਂ ਤੰਗ ਕਰੇਗਾ, ਤਾਂ ਉਸ ਨੂੰ ਬੜੀ ਸਖਤ ਸਜਾ ਦਿੱਤੀ ਜਾਏਗੀ। ਚਿੱਠੀ ਪੜ੍ਹਕੇ ਮੈਂ ਬੜਾ ਰਾਜੀ ਹੋਇਆ ਤੇ

ਲੂੰਬੜ ਨੂੰ ਆਖਣ ਲੱਗਾ ਕਿ ਸੰਤ ਜੀ ਰੋਟੀ ਪਾਣੀ ਖਾ ਕੇ ਜਾਣਾ। ਪਰ ਓਸ ਨੇ ਉਤ੍ਰ ਦਿੱਤਾ ਮੇਰਾ ਹੁਣ ਪਾਠ ਤੇ ਨਿੱਤ ਨੇਮ ਕਰਨ ਦਾ ਵੇਲਾ ਹੈ ਮੈਂ ਠਹਿਰ ਨਹੀਂ ਸਕਦਾ। ਇਹ ਆਖਕੇ ਨੱਸ ਗਿਆ। ਜਦ ਉਹ ਤੁਰ ਗਿਆ ਤਾਂ ਅਸੀਂ ਸਾਰਾ ਟੱਬਰ ਕੱਠੇ ਹੋਕੇ ਨੱਚਣ ਤੇ ਗਿੱਧੇ ਮਾਰਨ ਲੱਗੇ। ਮੁੰਡੇ ਕੁੜੀਆਂ ਆਖਣ ਲਗੇ, ਜੀ ਹੁਣ ਤਾਂ ਕੋਈ ਡਰ ਨਹੀਂ, ਅਸੀਂ ਵੀ ਰੋਜ ਸੈਲ ਕਰਨ ਜਾਇਆ ਕਰਾਂਗੇ, ਹੁਣ ਅਸੀਂ ਘਰ ਨਹੀਂ ਬੈਠਿਆ ਕਰਨਾ। ਦੂਜੇ ਦਿਨ ਸਰਕਾਰ ਜਦ ਮੁੰਡੇ ਕੁੜੀਆਂ ਸੈਲ ਕਰਨ ਲਈ ਬਾਹਰ ਨਿਕਲੇ ਤਾਂ ਇਹ ਕਪਟੀ ਲੂੰਬੜ ਕਿਧਰੇ ਦਾ ਲਾ ਕੇ ਪਿਆ ਹੋਇਆ ਸੀ; ਮੇਰੇ ਬੱਚਿਆਂ ਨੂੰ ਵੇਖਦਿਆਂ ਹੀ ਉਨ੍ਹਾਂ ਤੇ ਟੁੱਟ ਪਿਆ ਤੇ ਮੇਰੇ ੧੫, ੨੦, ਜਿਗਰ ਦੇ ਟੋਟੇ ਖਾ ਪੀ ਗਿਆ। ਸਰਕਾਰ ਏਹ ਵੇਖੋ ਮੇਰੀ ਵਹੁਟੀ ਵੀ ਮਾਰ ਸੁੱਟੀ ਸੂ, ਇਹ ਕੁੱਤਿਆਂ ਨੇ ਆਕੇ ਮਸਾਂ ੨ ਛੁਡਾਈ ਸੀ" ॥

ਇਹ ਸੁਣਕੇ ਪਾਤ਼ਸ਼ਾਹ ਨੂੰ ਬੜਾ ਕ੍ਰੋਧ ਆਇਆ

ਤੇ ਲੂੰਬੜ ਤੇ ਉਸਦੇ ਮਾਮੇਂ ਨੂੰ ਮੰਦਾ ਚੰਗਾ ਬੋਲਣ ਲੱਗਾ ਤੇ ਹੁਕਮ ਦਿੱਤਾ ਕਿ ਏਸ ਕੁਕੜੀ ਦਾ ਬੜਾ ਸੋਹਣਾ ਬਬਾਨ ਕੱਢੋ ਤੇ ਏਸਦੀ ਇੱਕ ਯਾਦਗਾਰ ਤਿਆਰ ਕਰੋ। ਇਹ ਹੁਕਮ ਦੇਕੇ ਉਸ ਨੇ ਰਿੱਛ ਨੂੰ ਸੱਦ ਕੇ ਆਖਿਆ, ਜ਼ਾਹ ਜਾ ਕੇ ਲੂੰਬੜ ਨੂੰ ਫੜ ਕੇ ਲੈ ਆ, ਪਰ ਚੇਤਾ ਰੱਖੀਂ ਉਸ ਦੇ ਦਾ ਹੇਠ ਨ ਆਵੀਂ ਤੇ ਉਸ ਨੂੰ ਝਟ ਪਟ ਫੜ ਕੇ ਮੇਰੇ ਪਾਸ ਪੇਸ਼ ਕਰ।

ਕਾਂਡ ੨

[ਰਿੱਛ ਦਾ ਲੂੰਬੜ ਨੂੰ ਫੜਨ ਜਾਣਾ]

ਇਹ ਹੁਕਮ ਸੁਣਕੇ ਰਿੱਛ ਲੂੰਬੜ ਦੀ ਭਾਲ ਕਰਨ ਟੁਰਿਆ ਤੇ ਪੁਛਦਾ ੨ ਅੰਤ ਨੂੰ ਉਸਦੇ ਕਿਲੇ ਦੇ ਬੂਹੇ ਤੇ ਜਾ ਪੁੱਜਾ। ਓਥੇ ਪੁੱਜਕੇ ਓਸ ਨੇ ਅਵਾਜ਼ਾਂ ਮਾਰੀਆਂ ਪਰ ਕੋਈ ਨ ਬੋਲਿਆ। ਏਸ ਤਰ੍ਹਾਂ ਉਹ ਵਿਚਾਰਾ ਟਾਹਰਾਂ ਮਾਰ ੨ ਕੇ ਥੱਕ ਗਿਆ ਤੇ ਲੂੰਬੜ

ਮਚਲ਼ਾ ਹੋਕੇ ਅੰਦਰ ਬੈਠਾ ਬੂਹੇ ਨਾਲ ਕੰਨ ਲਾਕੇ ਸੁਣਦਾ ਰਿਹਾ ਕਿ ਰਿੱਛ ਅਕੱਲਾ ਹੀ ਹੈ ਕਿ ਹੋਰ ਵੀ ਕੋਈ ਨਾਲ ਸੂ । ਜਦ ਉਸਨੂੰ ਨਿਸਚਾ ਹੋ ਗਿਆ ਕਿ ਅਕੱਲਾ ਹੀ ਹੈ ਤਾਂ ਬੂਹਾ ਖੋਲ੍ਹਕੇ ਬਾਹਰ ਆਇਆ ਤੇ ਆਖਣ ਲੱਗਾ ਜੀ ਆਇਆਂ ਨੂੰ, ਖਿਮਾਂ ਕਰਨੀ, ਜੋ ਤੁਹਾਨੂੰ ਮੈਂ ਬੂਹਾ ਛੇਤੀ ਨਹੀਂ ਖੋਲ੍ਹਿਆ, ਤੁਹਾਨੂੰ ਤਕਲੀਫ ਹੋਈ ਹੈ । ਮੈਂ ਪੂਜਾ ਤੇ ਬੈਠਾ ਹੋਇਆ ਸਾਂ ਤੇ ਅਜੇ ਭੋਗ ਨਹੀਂ ਪਾਇਆ, ਕੁਝ ਥੋੜਾ ਜਿਹਾ ਪਾਠ ਬਾਕੀ ਹੈ, ਸੋ ਮੈਂ ਫੇਰ ਕਰ ਲਵਾਂਗਾ । ਮੇਰੇ ਬੜੇ ਚੰਗੇ ਭਾਗ ਹਨ ਜੋ ਤੁਸਾਂ ਦਰਸ਼ਨ ਦਿੱਤੇ ਹਨ, ਤੁਸੀਂ ਕਿਉਂ ਆਉਣ ਦੀ ਖੇਚਲ ਕੀਤੀ, ਮੈਨੂੰ ਹੁਕਮ ਕਰ ਭੇਜਦੇ ਮੈਂ ਆਪ ਹੀ ਤੁਹਾਡੀ ਸੇਵਾ ਵਿੱਚ ਹਾਜਰ ਹੋ ਜਾਂਦਾ। ਇਹ ਸੁਣ ਕੇ ਰਿੱਛ ਆਖਣ ਲੱਗਾ ਮੈਨੂੰ ਤਾਂ ਕੋਈ ਕੰਮ ਨਹੀਂ, ਤੁਹਾਨੂੰ ਪਾਤਸ਼ਾਹ ਨੇ ਸੱਦਿਆ ਹੈ, ਚਲੋ ਜਲਦੀ ਕਰੋ ਹੁਣ ਗੱਲਾਂ ਕਰਨ ਦਾ ਸਮਾਂ ਨਹੀਂ, ਕਪੜੇ ਪਾਕੇ ਤਿਆਰ ਹੋ ਜਾਓ । ਲੂੰਬੜ ਮਾਲਾ ਦਿਖਾ ਕੇ ਆਖਣ ਲੱਗਾ ਜੀ ਮੇਰਾ ਪਾਠ ਥੋੜਾ ਜਿਹਾ ਬਾਕੀ ਹੈ ਸੋ ਕਰ ਲਵਾਂ ਤੇ ਨਾਲੇ ਹੁਣ ਜਾਣ ਦਾ

ਵੇਲਾ ਭੀ ਨਹੀਂ। ਮੈਂ ਕਲ ਜਰੂਰ ਦਰਬਾਰ ਵਿੱਚ ਹਾਜਰ ਹੋ ਜਾਵਾਂਗਾ । ਇਹ ਸੁਣਕੇ ਰਿੱਛ ਆਖਣ ਲੱਗਾ "ਹੱਛਾ ਮੈਂ ਜਾਂਦਾ ਹਾਂ" । ਲੂੰਬੜ ਬੋਲਿਆ "ਜੀ ਤੁਸੀਂ ਕਦੀ ਕਦਾਈਂ ਦਰਸ਼ਨ ਦਿੱਤੇ ਹਨ ਮੈਂ ਤੁਹਾਨੂੰ ਜਾਣ ਨਹੀਂ ਦੇਣਾ, ਰਾਤ ਏਥੇ ਹੀ ਦਰਸ਼ਨ ਦੇਵੋ ਤੇ ਕਲ ਚਲੇ ਜਾਣਾ"। ਰਿੱਛ ਬੋਲਿਆ "ਨਹੀਂ ਇਹ ਆਪਦੀ ਕਿਰਪਾ ਹੈ ਮੈਂ ਜਰੂਰ ਜਾਣਾ ਹੈ ਨਹੀਂ ਤਾਂ ਪਾਤਸ਼ਾਹ ਗੁਸੇ ਹੋਵੇਗਾ"। ਲੂੰਬੜ ਆਖਣ ਲੱਗਾ "ਚੰਗਾ ਆਪ ਦੀ ਰਜਾ, ਪਰ ਕੁਝ ਖਾ ਤਾਂ ਜਾਓ। ਤੁਹਾਨੂੰ ਪਤਾ ਹੈ ਕਿ ਮੈਂ ਸੰਤ ਹੋ ਗਿਆ ਹਾਂ ਤੇ ਮਾਸ ਖਾਣਾ ਛਡ ਦਿੱਤਾ ਹੈ, ਹੋਰ ਤਾਂ ਮੇਰੇ ਕੋਲ ਕੁਝ ਨਹੀਂ, ਥੋੜਾ ਜਿਹਾ ਸ਼ਹਿਤ ਹੈ ਸੋ ਹਾਜਰ ਹੈ"। ਸ਼ਹਿਤ ਦਾ ਨਾਂ ਸੁਣਦਿਆਂ ਹੀ ਰਿੱਛ ਦੀਆਂ ਵਰਾਛਾਂ ਖੁਲ੍ਹ ਗਈਆਂ ਤੇ ਬੋਲਿਆ "ਚੰਗਾ"। ਇਹ ਸੁਣਕੇ ਲੂੰਬੜ ਦਿਲ ਵਿੱਚ ਹੱਸਿਆ ਤੇ ਆਖਣ ਲੱਗਾ "ਮੇਰੇ ਕੋਲ ਤਾਂ ਥੋੜਾ ਜਿਹਾ ਹੈ ਤੇ ਨਾਲ ਦੇ ਘਰ ਬਹੁਤ ਸਾਰਾ ਹੈ ਉਥੋਂ ਤੁਹਾਨੂੰ ਲੈ ਦੇਂਦਾ ਹਾਂ"। ਦੋਵੇਂ ਰਲ ਕੇ ਤੁਰ ਪਏ ਤੇ ਇੱਕ ਤਰਖਾਣ ਦੇ ਘਰ ਪੁੱਜੇ । ਲੋਕੀ ਸੁੱਤੇ

ਹੋਏ ਸੀ। ਤਰਖਾਣ ਨੇ ਇੱਕ ਗੇਲੀ ਅੱਧੀ ਚੀਰ ਕੇ ਵਿੱਚ ਫਾਨਾਂ ਠੋਕਿਆ ਹੋਇਆ ਸੀ। ਇਹ ਵੇਖ ਕੇ ਲੂੰਬੜ ਆਖਣ ਲੱਗਾ ਲੈ ਭਾਈ ਤੂੰ ਏਸ ਗੇਲੀ ਦੀ ਝੀਥ ਵਿੱਚ ਹੱਥ ਪਾਕੇ ਸ਼ਹਿਤ ਕੱਢ ਲੈ। ਜਦ ਉਸਨੇ ਹੱਥ ਪਾਇਆ ਤਾਂ ਲੂੰਬੜ ਨੇ ਫਾਨਾਂ ਖਿੱਚ ਲਿਆ ਤੇ ਰਿੱਛ ਦੀ ਬਾਂਹ ਵਿੱਚ ਫਸ ਗਈ ਤੇ ਉਹ ਲੱਗਾ ਅਰੜਾਉਣ। ਲੋਕੀ ਰਿੱਛ ਦਾ ਅਰੜਾਟਾ ਸੁਣਕੇ ਡਾਂਗਾਂ ਸੋਟੇ ਲੈਕੇ ਭੱਜੇ ਤੇ ਉਸ ਨੂੰ ਮਾਰਨ ਲਗੇ। ਰਿੱਛ ਵਿਚਾਰਾ ਕੁਥਾਂ ਫਸ ਗਿਆ ਤੇ ਮਾਰ ਖਾਂਦਿਆਂ ੨ ਕਿਸੇ ਤਰ੍ਹਾਂ ਉਸਦੀ ਜੋਰ ਨਾਲ ਖਿੱਚਣ ਨਾਲ ਬਾਂਹ ਛੁੱਟ ਗਈ। ਬਾਂਹ ਛੁਟਣ ਦੀ ਢਿੱਲ ਸੀ, ਰਿੱਛ ਨੱਸ ਪਿਆ ਪਰ ਉਸ ਦੀ ਬਾਂਹ ਦੇ ਵਾਲ ਸਾਰੇ ਖੁੱਸ ਗਏ। ਲੋਕੀ ਰਿੱਛ ਨੂੰ ਖੁਲ੍ਹਾ ਵੇਖਕੇ ਏਧਰ ਓਧਰ ਨੱਸੇ ਤੇ ਨਸਦਿਆਂ ੨ ਕਾਹਲੀ ਨਾਲ ਇੱਕ ਜਨਾਨੀ ਦਰਯਾ ਵਿੱਚ ਡਿੱਗ ਪਈ। ਲੋਕੀ ਤਾਂ ਜਨਾਨੀ ਨੂੰ ਕੱਢਣ ਦੇ ਫਿਕਰ ਵਿੱਚ ਲਗ ਗਏ ਤੇ ਰਿੱਛ ਆਪਣੀ ਜਾਨ ਬਚਾਕੇ ਖਿਸਕਦਾ ਹੋਇਆ। ਓਥੋਂ ਨੱਸ ਕੇ ਰਿੱਛ ਮਰਦਾ ੨ ਕੋਈ ਪੰਜੀਂ ਛੀਈਂ ਦਿਨੀਂ ਦਰਬਾਰ ਜਾ ਹਾਜਰ

ਹੋਇਆ ਤੇ ਜਾਕੇ ਇੱਕ ਪਾਸੇ ਲੇਟ ਕੇ ਹਾਇ ੨ ਕਰਨ ਤੇ ਚੀਕਾਂ ਮਾਰਨ ਲੱਗਾ । ਰਿੱਛ ਦੀ ਇਹ ਹਾਲਤ ਦੇਖਕੇ ਪਾਤਸ਼ਾਹ ਬੜਾ ਹਰਾਨ ਹੋਇਆ ਤੇ ਪੁੱਛਣ ਲੱਗਾ "ਤੂੰ ਇਹ ਬਾਂਹ ਕਿੱਥੋਂ ਫੱਟ ਆਇਆ ਹੈਂ, ਤੇਰੇ ਨਾਲ ਕੀ ਭਾਣਾ ਵਰਤਿਆ ਹੈ?" ਰਿੱਛ ਨੇ ਸਾਰੀ ਵਾਰਤਾ ਸੁਣਾਈ। ਪਾਤਸ਼ਾਹ ਸੁਣ ਕੇ ਬੜੇ ਕ੍ਰੋਧ ਵਿੱਚ ਆਇਆ ਤੇ ਆਖਣ ਲੱਗਾ ਮੈਂ ਜੁ ਤੈਨੂੰ ਤੁਰਦੀ ਵਾਰੀ ਪੱਕੀ ਕੀਤੀ ਸੀ ਕਿ ਉਸਦੇ ਫਰੇਬ ਹੇਠ ਨਾ ਆਵੀਂ ਸੋ ਚੰਗਾ ਹੋਇਆ ਜੋ ਤੈਨੂੰ ਇਹ ਸਜਾ ਮਿਲੀ, ਤੇ ਹੁਕਮ ਦਿੱਤਾ ਜਾਓ ਉਸ ਬਦਮਾਸ਼ ਨੂੰ ਜਿਸ ਤਰ੍ਹਾਂ ਵੀ ਹੋਵੇ ਫੜਕੇ ਛੇਤੀ ਮੇਰੇ ਸਾਹਮਣੇ ਪੇਸ਼ ਕਰੋ ॥

ਕਾਂਡ ੩

ਪਾਤਸ਼ਾਹ ਨੇ ਇਹ ਕਾਨੂਨ ਬਣਾਇਆ ਹੋਇਆ ਸੀ ਕਿ ਹਰ ਇੱਕ ਅਪਰਾਧੀ ਨੂੰ ਆਪਣੇ ਬਚਾ ਲਈ ਤਿੰਨ ਵਾਰੀ ਮੌਕਾ ਦਿੱਤਾ ਜਾਏ। ਹਰ ਇੱਕ ਅਪਰਾਧੀ ਨੂੰ ਹਾਜਰ ਹੋਣ ਲਈ ਤਿੰਨ ਵਾਰੀ ਸੰਮਣ ਘੱਲੇ ਜਾਂਦੇ

ਸਨ ਤੇ ਜਿੰਨਾਂ ਚਿਰ ਉਹ ਆਕੇ ਪੇਸ਼ ਨਾ ਹੋਵੇ, ਮੁਕਦਮਾ ਨਹੀਂ ਚਲ ਸਕਦਾ ਸੀ । ਜੇ ਤਿੰਨ ਵਾਰੀ ਸੱਦਣ ਦੇ ਮਗਰੋਂ ਵੀ ਕੋਈ ਹਾਜ਼ਰ ਨਾਂ ਹੋਵੇ ਤਾਂ ਸਮਝਿਆ ਜਾਂਦਾ ਸੀ ਕਿ ਉਹ ਜ਼ਰੂਰ ਹੀ ਅਪਰਾਧੀ ਹੈ। ਪਾਤਸ਼ਾਹ ਦਾ ਹੁਕਮ ਸੁਣਕੇ ਅੰਦਰੋ ਅੰਦਰੀ ਸਭ ਡਰਦੇ ਤੇ ਆਖਦੇ ਸੀ, ਜੇ ਅਸੀਂ ਗਏ ਤਾਂ ਸਾਡੀ ਵੀ ਏਹੋ ਜਹੀ ਦੁਰਦਿਸ਼ਾ ਹੋਵੇਗੀ। ਅੰਤ ਨੂੰ ਗੁਣਾਂ ਬਿੱਲੀ ਤੇ ਪਿਆ ਤੇ ਉਸ ਨੂੰ ਹੁਕਮ ਹੋਇਆ ਕਿ ਤੂੰ ਜਾਕੇ ਲੂੰਬੜ ਨੂੰ ਸੱਦ ਲਿਆ। ਬਿੱਲੀ ਵਿਚਾਰੀ ਹੁਕਮ ਸੁਣਕੇ ਤਿਆਰ ਹੋ ਗਈ ਤੇ ਜਦ ਤੁਰਨ ਲੱਗੀ ਤਾਂ ਪਾਤਸ਼ਾਹ ਨੇ ਉਸਨੂੰ ਰਿੱਛ ਵੱਲ ਇਸ਼ਾਰਾ ਕਰਕੇ ਆਖਿਆ: ਵੇਖੀਂ, ਚੇਤਾ ਰੱਖੀਂ, ਤੂੰ ਵੀ ਕਿਧਰੇ ਉਸ ਬਦਮਾਸ਼ ਦੇ ਢਹੇ ਨਾ ਚੜ੍ਹ ਜਾਵੀਂ ਤੇ ਅਪਣੀ ਜਾਨ ਗਵਾ ਨ ਆਵੀਂ, ਉਹ ਬੜਾ ਕਪਟੀ ਹੈ ਤੇ ਕੋਈ ਨ ਕੋਈ ਹੱਥ ਤੇਰੇ ਨਾਲ ਵੀ ਜ਼ਰੂਰ ਕਰੂਗਾ। ਇਹ ਸੁਣਕੇ ਬਿੱਲੀ ਆਕੜਨ ਲੱਗੀ ਤੇ ਬੋਲੀ: ਜੀ ਰਿੱਛ ਤਾਂ ਬੜਾ ਤਕੜਾ ਹੈ ਪਰ ਏਥੇ ਨਿਰੀ ਤਕੜਾਈ ਕੰਮ ਨਹੀਂ ਆਉਂਦੀ। ਕਿਸੇ ਨੇ ਸੱਚ ਆਖਿਆ ਹੈ: "ਅਕਲ ਵੱਡੀ ਕਿ ਭੈਂਸ" ਤਕੜਾ ਤਾਂ ਉਹ ਜਰੂਰ

ਹੈ ਪਰ ਕਈ ਵਾਰੀ ਮੂਰਖਤਾ ਵੀ ਕਰ ਬੈਠਦਾ ਹੈ। ਇਹ ਗੱਲਾਂ ਕਰਦੀ ੨ ਉਹ ਤੁਰ ਗਈ ਤੇ ਢੂੰਡ ਭਾਲ ਕਰਦੀ ਲੂੰਬੜ ਦੇ ਘਰ ਹਨੇਰੇ ਪਏ ਜਾ ਪੁੱਜੀ । ਓਹ ਅੱਗੇ ਕੁਰਸੀ ਡਾਹ ਕੇ ਆਪਣੇ ਬਾਗ ਵਿੱਚ ਅਨੰਦ ਨਾਲ ਬੈਠਾ ਹੋਇਆ ਸੀ। ਬਿੱਲੀ ਨੂੰ ਵੇਖਕੇ ਓਹ ਅਗੋਂ ਵਾਲੀ ਉਸ ਨੂੰ ਲੈਣ ਆਇਆ ਤੇ ਨਮਸਕਾਰ ਕਰਕੇ ਜੀ ਆਇਆ ਨੂੰ ਆਖੀ ਅਤੇ ਕਹਿਣ ਲੱਗਾ, "ਸੁਣਾਓ ਜੀ ਕਿਸ ਤਰ੍ਹਾਂ ਦਰਸ਼ਨ ਦਿਤੇ ਹਨ ?" ਬਿੱਲੀ ਬੋਲੀ "ਤੈਨੂੰ ਪਾਤਸ਼ਾਹ ਨੇ ਦੂਜੀ ਵੇਰੀ ਸੱਦ ਭੇਜਿਆ ਹੈ ਤੇ ਹੁਕਮ ਦਿੱਤਾ ਹੈ ਕਿ ਆ ਕੇ ਜੋ ੨ ਦੋਸ਼ ਤੇਰੇ ਜੁੱਮੇ ਲੱਗੇ ਹਨ ਉਨ੍ਹਾਂ ਦਾ ਉਤਰ ਦੇਹ" ।

ਇਹ ਸੁਣਕੇ ਲੂੰਬੜ ਬੜਾ ਹਰਾਨ ਹੋਕੇ ਆਖਣ ਲੱਗਾ "ਕੀ ਤੁਹਾਨੂੰ ਕੋਈ ਗਲਤੀ ਤਾਂ ਨਹੀਂ ਲਗਦੀ? ਪਾਤਸ਼ਾਹ ਨੇ ਕਿਸੇ ਹੋਰ ਨੂੰ ਸੱਦਿਆ ਹੋਣਾ ਏ, ਮੇਰੇ ਜੁੱਮੇ ਦੋਸ਼ ? ਰਾਮ! ਰਾਮ !! ਤੁਹਾਨੂੰ ਜਰੂਰ ਭੁਲੇਖਾ ਲਗਦਾ ਹੈ । ਫੇਰ ਜ਼ਰਾ ਸੋਚ ਕੇ ਆਖਣ ਲੱਗਾ, ਹਾਂ ਮੈਂ ਵੀ ਸੋਇ ਸੁਣੀ ਸੀ ਕਿ ਕਈਆਂ ਸ਼ਰਾਰਤੀਆਂ ਨੇ ਰਲ ਕੇ ਪਾਤਸ਼ਾਹ ਨੂੰ ਮੇਰੇ ਵਿਰੁਧ ਕਰਨ ਦਾ ਮਨਸੂਬਾ ਬੱਧਾ

ਹੈ ਤੇ ਉਨ੍ਹਾਂ ਨੇ ਕੋਈ ਨ ਕੋਈ ਚੁਗਲੀ ਮਾਰੀ ਹੋਣੀ ਏ, ਮੈਂ ਤਾਂ ਕੋਈ ਅਪਰਾਧ ਨਹੀਂ ਕੀਤਾ, ਹੱਛਾ ਪਾਤਸ਼ਾਹ ਜੀ ਦਾ ਹੁਕਮ ਸਿਰ ਮੱਥੇ ਤੇ, ਮੈਂ ਤਾਂ ਹੱਥ ਬੱਧੀ ਨੌਕਰ ਹਾਂ, ਕਲ ਜ਼ਰੂਰ ਹਾਜ਼ਰ ਹੋ ਜਾਵਾਂਗਾ। ਹੁਣ ਤਾਂ ਰਾਤ ਬਹੁਤ ਚਲੀ ਗਈ ਹੈ,ਤੁਸੀ ਵੀ ਹੁਣ ਕਿੱਥੇ ਜਾਓਗੇ, ਕਿਰਪਾ ਕਰਕੇ ਏਥੇ ਈ ਬਿਸਰਾਮ ਕਰੋ, ਇਹ ਘਰ ਵੀ ਤੁਹਾਡਾ ਈ ਹੈ"। ਬਿੱਲੀ ਬੋਲੀ "ਜੀ ਆਪ ਦੀ ਬੜੀ ਮੇਹਰਬਾਨੀ ਹੈ ਮੈਂ ਤਾਂ ਕਾਸੇ ਜੋਗੀ ਨਹੀਂ, ਅਜੇ ਕੋਈ ਐਡਾ ਚਿਰ ਤਾਂ ਨਹੀਂ ਹੋਇਆ, ਮੈਂ ਹੁਣੇ ਪਰਤ ਕੇ ਘਰ ਜਾਂਦੀ ਹਾਂ"। ਮਨ ਵਿੱਚ ਆਖਣ ਲੱਗੀ ਇਹ ਜਾਪਦਾ ਤਾਂ ਭਲਾਮਾਣਸ ਹੈ, ਸ਼ੈਦ ਦੂਜੇ ਲੋਕ ਝੂਠੇ ਈ ਹੋਣ। ਜਦ ਉਹ ਤੁਰਨ ਲੱਗੀ ਤਾਂ ਲੂੰਬੜ ਆਖਣ ਲੱਗਾ,ਜੀ ਕੁਝ ਖਾ ਪੀ ਜਾਓ, ਮੇਰੇ ਕੋਲ ਥੋੜਾ ਜਿਹਾ ਸ਼ਹਿਤ ਹੈ। ਸ਼ਹਿਤ ਦਾ ਨਾਉਂ ਸੁਣਦਿਆਂ ਹੀ ਬਿੱਲੀ ਨੂੰ ਰਿੱਛ ਦੀ ਸਾਰੀ ਵਾਰਤਾ ਚੇਤੇ ਆ ਗਈ ਤੇ ਦਿਲ ਵਿੱਚ ਆਖਣ ਲਗੀ ਕਿ ਇਹ ਤਾਂ ਬੜਾ ਅਪਰਾਧੀ ਤੇ ਕਪਟੀ ਹੈ। ਬਿੱਲੀ ਆਖਣ ਲੱਗੀ "ਜੀ ਆਪ ਦੀ ਕਿਰਪਾ ਹੈ,ਰਿੱਛ ਕਲ ਤੁਹਾਡਾ ਸ਼ਹਿਤ ਖਾ ਕੇ ਗਿਆ ਹੈ

ਤੇ ਹਰ ਵੇਲੇ ਤੁਹਾਡੇ ਗੁਣ ਗਾਉਂਦਾ ਰਹਿੰਦਾ ਹੈ, ਸੋ ਤੁਸੀ ਮੈਨੂੰ ਮਾਫੀ ਦਿਓ"। ਇਹ ਸੁਣਕੇ ਲੂੰਬੜ ਬੋਲਿਆ "ਹਾਂ ਮੈਨੂੰ ਹੁਣ ਪਤਾ ਲੱਗਾ ਹੈ ਕਿ ਉਸ ਨੇ ਵੀ ਜਾਕੇ ਪਾਤਸ਼ਾਹ ਦੇ ਅੱਗੇ ਮੇਰੇ ਵਿਰੁੱਧ ਅਣਹੋਣੀ ਕਹਾਣੀ ਸੁਣਾਈ ਹੈ,ਚੰਗਾ ਮੇਰੇ ਭਾਗ। ਜਦ ਉਹ ਤੁਰਨ ਲੱਗਾ ਸੀ ਤਾਂ ਮੈਂ ਉਸਨੂੰ ਆਖਿਆ ਕਿ ਤੂੰ ਤਰਖਾਣਾਂ ਦੇ ਘਰ ਸ਼ਹਿਤ ਚੁਰਾਣ ਨਾਂ ਜਾਈਂ ਪਰ ਉਸ ਨੇ ਮੇਰੀ ਇੱਕ ਨਾ ਸੁਣੀ ਤੇ ਆਖਣ ਲੱਗਾ ਭਾਵੇਂ ਕੁਝ ਵੀ ਹੋਵੇ ਮੈਂ ਤਾਂ ਸ਼ਹਿਤ ਜ਼ਰੂਰ ਖਾਕੇ ਜਾਣਾ ਹੈ। ਤੁਹਾਨੂੰ ਜਾਣ ਦੀ ਕਾਹਲ ਮਲੂਮ ਹੁੰਦੀ ਹੈ ਚਲੋ ਮੈਂ ਵੀ ਤੁਹਾਡੇ ਨਾਲ ਤੁਰਿਆ ਜਾਂਦਾ ਹਾਂ ਨਾਲੇ ਤੁਹਾਨੂੰ ਸਾਰੀ ਵਾਰਤਾ ਵੀ ਸੁਣਾ ਦਿਆਂਗਾ ਤੇ ਨਾਲੇ ਅਗਾਹਾਂ ਕਰ ਆਵਾਂਗਾ"। ਇਹ ਆਖ ਕੇ ਉਹ ਦੋਵੇਂ ਗੱਲਾਂ ਕਰਦੇ ੨ ਤੁਰੀ ਗਏ। ਤੁਰਦਿਆਂ ੨ ਉਹ ਇੱਕ ਘਰ ਦੇ ਕੋਲੋਂ ਲੰਘੇ। ਘਰ ਨੂੰ ਵੇਖਕੇ ਲੂੰਬੜ ਬੋਲਿਆ "ਇਸ ਘਰ ਵਾਲਾ ਜ਼ਿਮੀ-ਦਾਰ ਬੜਾ ਚੰਗਾ ਆਦਮੀ ਹੈ, ਕੁਝ ਦਿਨ ਹੋਏ ਮੈਨੂੰ ਇਸ ਨਾਲ ਕੁਝ ਕੰਮ ਸੀ ਤੇ ਮੈਂ ਏਥੇ ਆਕੇ ਇਨ੍ਹਾਂ ਨੂੰ ਵਾਜਾਂ ਮਾਰੀਆਂ ਪਰ ਕੋਈ ਨਾਂ ਬੋਲਿਆ। ਅੱਕ ਕੇ ਮੈਂ

ਕੰਧ ਪਾੜਕੇ ਅੰਦਰ ਵੜ ਗਿਆ, (ਲੂੰਬੜ ਨੇ ਇਹ ਨਾਂ ਦੱਸਿਆ ਕਿ ਮੈਂ ਕੁਕੜੀਆਂ ਖਿਸਕਾਣ ਗਿਆ ਸਾਂ) ਤੇ ਕੀ ਡਿੱਠਾ ਕਿ ਅੰਦਰ ਬਾਹਰ ਚੂਹੇ ਹੀ ਚੂਹੇ ਨੱਸੇ ਫਿਰਨ ਤੇ ਘਰ ਵਾਲਾ ਤੋਬਾ ੨ ਪਿਆ ਕਰੇ"। ਇਹ ਸੁਣਕੇ ਬਿੱਲੀ ਦੇ ਮੂੰਹ ਵਿਚੋਂ ਰਾਲਾਂ ਵਗ ਪਈਆਂ ਤੇ ਬੋਲੀ "ਜੀ ਕੀ ਏਥੇ ਬੜੇ ਚੂਹੇ ਨੇ ?" ਲੂੰਬੜ ਬੋਲਿਆ "ਜੀ ਹਾਂ ਜੇ ਤੁਸਾਂ ਕੋਈ ਦੋ ਚਾਰ ਖਾਣੇ ਹੋਣ ਤਾਂ ਮੈਂ ਤੁਹਾਨੂੰ ਓਹ ਰਾਹ ਦੱਸ ਦੇਂਦਾ ਹਾਂ" ਕੰਧ ਦੇ ਨਾਲ ੨ ਜਾਕੇ ਇੱਕ ਮੋਰੀ ਵਿਖਾਕੇ ਆਖਣ ਲੱਗਾ "ਲਓ ਜੀ ਇਹ ਰਾਹ ਜੇ, ਤੁਸੀਂ ਅੰਦਰ ਚਲੇ ਜਾਓ ਤੇ ਮੌਜਾਂ ਲਓ"। ਬਿੱਲੀ ਮੋਰੀ ਵਿੱਚ ਸਿਰ ਪਾਕੇ ਅਗੇ ਹੋਈ ਹੀ ਸੀ, ਕਿ ਓਸ ਦੇ ਗਲ ਵਿੱਚ ਫਾਹੀ ਪੈ ਗਈ ਤੇ ਲਗਾ ਉਸਦਾ ਸੰਘ ਘੁੱਟਣ। ਜਦ ਉਸਨੂੰ ਚੰਗੀ ਤਰ੍ਹਾਂ ਫਾਹਾ ਆਇਆ ਤਾਂ ਲੱਗੀ ਜ਼ੋਰ ੨ ਨਾਲ ਮਿਆਂਊ ੨ ਕਰਨ ਤੇ ਚਿਚਲਾਨ। ਬਿੱਲੀ ਨੂੰ ਚਿਚਲਾਂਦਿਆਂ ਸੁਣ ਕੇ ਲੂੰਬੜ ਆਖਣ ਲੱਗਾ "ਕਿਉਂ ਜੀ ਚੂਹੇ ਚੰਗੇ ਨੇ ? ਸਵਾਦ ਨਾਲ ਖਾਈ ਜਾਓ ਮੈਂ ਤਾਂ ਹੁਣ ਚਲਦਾ ਹਾਂ, ਤੁਸੀ ਰਾਤ ਏਥੇ ਹੀ

ਸੁਖ ਅਨੰਦ ਲਓ" । ਇਹ ਆਖਕੇ ਉਹ ਅਪਣੇ ਘਰ ਨੂੰ ਮੁੜ ਗਿਆ। ਜਿਮੀਦਾਰ ਦੀ ਸੌਣ ਦੀ ਥਾਂ ਕਿਧਰੇ ਨੇੜੇ ਹੀ ਸੀ, ਬਿੱਲੀ ਦੀਆਂ ਚਾਂਗਰਾਂ ਸੁਣ ਕੇ ਉਹ ਜਾਗ ਉੱਠਿਆ ਤੇ ਸਾਰੇ ਟੱਬਰ ਸਮੇਤ ਡੰਡਾ ਸੋਟਾ ਲੈਕੇ ਆ ਬਿੱਲੀ ਦੇ ਦਵਾਲੇ ਹੋਇਆ ਤੇ ਉਸਦੀ ਚੰਗੀ ਭੁਗਤ ਸਵਾਰੀ । ਮਾਰ ਪੈਂਦਿਆਂ ੨ ਲਿਸ਼ਕਫਾਹੀ ਦੀ ਰੱਸੀ ਟੁੱਟ ਗਈ ਤੇ ਬਿੱਲੀ ਦੀ ਇੱਕ ਅੱਖ ਵੀ ਨਿਕਲ ਗਈ। ਜਦ ਰੱਸੀ ਟੁੱਟ ਗਈ ਤਾਂ ਬਿੱਲੀ ਛਾਲ ਮਾਰਕੇ ਉਸ ਜ਼ਿਮੀਦਾਰ ਨੂੰ ਚੰਬੜ ਗਈ ਤੇ ਉਸ ਦਾ ਸਾਰਾ ਮੂੰਹ ਸਿਰ ਵਲੂੰਧਰ ਛੱਡਿਆ ਤੇ ਅਜੇਹਾ ਚੱਕ ਮਾਰਿਆ ਕਿ ਉਹ ਵਿਚਾਰਾ ਬੇਹੋਸ਼ ਹੋਕੇ ਡਿੱਗ ਪਿਆ। ਉਸ ਨੂੰ ਡਿਗਦਾ ਵੇਖਕੇ ਸਾਰਿਆਂ ਨੂੰ ਹੱਥ ਪੈਰ ਪੈ ਗਏ। ਤੇ ਬਿੱਲੀ ਦਾ ਖਿਆਲ ਭੁੱਲ ਗਏ । ਬਿੱਲੀ ਵੀ ਹੁਣ ਵੇਹਲ ਵੇਖ ਕੇ ਰੋਂਦੀ ਧੋਂਦੀ ਹਾਏ ੨ ਕਰਦੀ ਨੱਸ ਕੇ ਬਾਹਰ ਆ ਗਈ। ਦੂਜੇ ਦਿਨ ਜਦ ਦਰਬਾਰ ਲਗਿਆ ਤਾਂ ਵਿਚਾਰੀ ਬਿੱਲੀ ਸਾਰੀ ਫੱਟੀ ਹੋਈ ਤੇ ਲਹੂ ਲੁਹਾਣ ਹੋਈ ੨ ਇੱਕ ਅਖੋਂ ਕਾਣੀ, ਖੁੱਸੀ ਟੁੱਟੀ ਲੱਕ ਧਰੂੰਦੀ ੨ ਦਰਬਾਰ ਵਿਚ ਜਾ ਵੜੀ ਤੇ 'ਹਾਏ ਲੂੰਬੜ' ਦੀ ਆਵਾਜ

ਕਢਕੇ ਬੇਹੋਸ਼ ਹੋਕੇ ਡਿੱਗ ਪਈ । ਬਿੱਲੀ ਦਾ ਇਹ ਹਾਲ ਵੇਖਕੇ ਸਾਰੇ ਸੁਨ ਹੋ ਗਏ ਤੇ ਉਸ ਦੇ ਆਲੇ ਦੁਆਲੇ ਆ ਬੈਠੇ, ਕੋਈ ਉਸ ਦਾ ਮੂੰਹ ਪੂੰਝੇ ਤੇ ਚੱਟੇ, ਕੋਈ ਉਸ ਨੂੰ ਘੁੱਟਣ ਦਬਣ ਲੱਗ ਪਿਆ, ਕੋਈ ਸੇਕ ਕਰਨ ਲੱਗਾ, ਗੱਲ ਕੀ ਉਸ ਦੀ ਚੰਗੀ ਟਹਿਲ ਸੇਵਾ ਹੋਈ ਤੇ ਉਸ ਨੂੰ ਜਦ ਦੁੱਧ ਵੱਧ ਪਿਲਾਇਆ ਤਾਂ ਉਸ ਨੂੰ ਜਰਾ ਹੋਸ਼ ਆਈ। ਜਦ ਹੋਸ਼ ਆ ਗਈ ਤਾਂ ਉਸਨੇ ਸਾਰੀ ਹੱਡਬੀਤੀ ਵਾਰਤਾ ਸੁਣਾਈ ॥

ਕਾਂਡ ੪

ਜਦ ਪਾਤਸ਼ਾਹ ਦਰਬਾਰ ਵਿੱਚ ਆਇਆ ਤਾਂ ਸਾਰਿਆਂ ਨੇ ਪੁਕਾਰ ਕੀਤੀ "ਸਰਕਾਰ ਤੁਹਾਡੇ ਰਾਜ ਵਿੱਚ ਐਡਾ ਹਨੇਰ ਪੈ ਗਿਆ ਕਿ ਤੁਹਾਡਾ ਦੂਤ ਇੱਕ ਅਪਰਾਧੀ ਨੂੰ ਸੱਦਣ ਜਾਏ ਤੇ ਉਸਦਾ ਅਗੋਂ ਇਹ ਹਾਲ ਹੋਵੇ। ਰਾਜ ਕੀ ਹੋਇਆ,ਇਹ ਤਾਂ ਹਨੇਰਗਰਦੀ ਹੋਈ!" ਇਹ ਆਖਕੇ ਉਨ੍ਹਾਂ ਬਿੱਲੀ ਨੂੰ ਪੇਸ਼ ਕੀਤਾ। ਬਿੱਲੀ ਨੂੰ ਵੇਖਦਿਆਂ ਹੀ ਸ਼ੇਰ ਦੀ ਸੱਤੀਂ ਕਪੜੀਂ ਅੱਗ ਲੱਗ

ਉੱਠੀ ਤੇ ਗੁੱਸੇ ਨਾਲ ਬੜਾ ਗੱਜਿਆ ਤੇ ਆਖਣ ਲਗਾ ਏਸ ਕਪਟੀ ਨਿਰਦਈ ਨੂੰ ਫਾਂਸੀ ਤੋਂ ਘੱਟ ਕੀ ਦੰਡ ਦੇਣਾ ਹੋਇਆ ਤੇ ਉਸ ਦੇ ਮਾਮੇਂ ਬਿੱਜੂ ਨੂੰ ਸੱਦ ਕੇ ਹੁਕਮ ਦਿੱਤਾ "ਉਹ ਪਾਪੀ ਤੇਰਾ ਭਾਂਣਜਾ ਹੈ ਤੂੰ ਜਾ ਕੇ ਉਸ ਨੂੰ ਲਿਆ ਤੇ ਮੇਰੇ ਪੇਸ਼ਕਰ ਤੇ ਜੇ ਤੂੰ ਓਸ ਨੂੰ ਲੈ ਕੇ ਨਾਂ ਆਇਆ ਤਾਂ ਚੇਤਾ ਰੱਖੀਂ ਮੈਂ ਤੇਰਾ ਘਣ ਬਚਾ ਘਾਣੀ ਕਰਾ ਦਿਆਂਗਾ। ਇਹ ਸੁਣ ਕੇ ਓਹ ਬੜਾ ਕੰਬਿਆ ਤੇ ਦਿਲ ਵਿੱਚ ਆਖਣ ਲੱਗਾ ਹੁਣ ਸੁੱਖ ਨਹੀਂ, ਉਸ ਦੁਸ਼ਟ ਨੇ ਇਹ ਕੀ ਕਰਮ ਕੀਤਾ ! ਉਹ ਜਾਣਾ ਨਹੀਂ ਸੀ ਚਾਹੁੰਦਾ, ਪਰ ਪਾਤਸ਼ਾਹ ਦਾ ਹੁਕਮ ਸਿਰ ਮੱਥੇ ਤੇ ਰੱਖ ਕੇ ਤੁਰ ਪਿਆ ਤੇ ਆਪਣੇ ਭਣੇਵੇਂ ਲੂੰਬੜ ਦੇ ਘਰ ਜਾ ਪੁੱਜਾ। ਕੀ ਵੇਖਦਾ ਹੈ ਕਿ ਅਗੇ ਉਹ ਅਪਣੇ ਟੱਬਰ ਸਮੇਤ ਮੌਜਾਂ ਨਾਲ ਬੈਠਾ ਹੋਇਆ ਗੱਪਾਂ ਮਾਰਦਾ ਹੈ। ਮਾਮੇਂ ਨੂੰ ਵੇਖਕੇ ਉਹ ਉੱਠ ਖਲੋਤਾ ਤੇ ਬੜੇ ਸਤਕਾਰ ਨਾਲ ਉਸ ਨੂੰ ਕੁਰਸੀ ਤੇ ਬਿਠਾ ਕੇ ਸੁਖ ਸਾਂਦ ਪੁੱਛੀ । ਮਾਮੇਂ ਆਖਿਆ ਓ ਮੁੰਡਿਆ ! ਤੈਨੂੰ ਪਾਤਸ਼ਾਹ ਨੇ ਅੱਗੇ ਦੋ ਵਾਰੀ ਸੱਦਿਆ ਸੀ ਤੇ ਤੂੰ ਨਹੀਂ ਗਿਆ ਤੇ ਹੁਣ ਉਸ ਨੇ ਮੈਨੂੰ ਘੱਲਿਆ ਹੈ, ਸੋ

ਤੂੰ ਮੇਰੇ ਨਾਲ ਹੁਣੇ ਹੀ ਟੁਰ ਪਉ। ਜੇ ਤੂੰ ਨਾਂ ਗਿਆ ਤਾਂ ਉਹ ਅਪਣੀ ਫੌਜ ਸਮੇਤ ਏਥੇ ਆਕੇ ਤੇਰਾ ਘਣ ਬਚਾ ਘਾਣੀ ਕਰ ਦੇਵੇਗਾ; ਉਹ ਤੇਰੇ ਤੇ ਬੜਾ ਗੁੱਸੇ ਹੈ"। ਇਹ ਸੁਣ ਕੇ ਲੂੰਬੜ ਬੋਲਿਆ, "ਮਾਮਾਂ ਜੀ", ਤੁਸੀਂ ਕਿਉਂ ਘਾਬਰਦੇ ਹੋ ? ਘਾਬਰਨ ਦੀ ਕੋਈ ਲੋੜ ਨਹੀਂ, ਮੈਨੂੰ ਸਾਰੀ ਗੱਲ ਦਾ ਪਤਾ ਹੈ, ਮੈਂ ਆਪੇ ਸਭ ਕੁਝ ਕਰ ਲਵਾਂਗਾ। ਮਲੂਮ ਹੁੰਦਾ ਹੈ ਤੁਹਾਨੂੰ ਸਾਰੀ ਗਲ ਬਾਤ ਦਾ ਪੱਕਾ ਪਤਾ ਨਹੀਂ । ਤੁਹਾਨੂੰ ਕੀ ਪਤਾ ਕਿ ਇਹ ਸਾਰੀਆਂ ਗੱਲਾਂ ਸੁਣ ੨ ਕੇ ਮੇਰਾ ਤਾਂ ਕਾਲਜਾ ਵੀ ਕੋਲੇ ਹੋ ਗਿਆ ਹੈ। ਦੂਤੀ ਤਾਂ ਜਾ ੨ ਕੇ ਪਾਤਸ਼ਾਹ ਨੂੰ ਲੂਤੀਆਂ ਲਾਂਦੇ ਰਹਿੰਦੇ ਹਨ ਤੇ ਉਹ ਵੀ ਕੰਨਾਂ ਦਾ ਕੱਚਾ ਮਲੂਮ ਹੁੰਦਾ ਹੈ; ਮੇਰੀ ਗੱਲ ਬਾਤ ਸੁਣੇ ਬਿਨਾਂ ਐਡਾ ਕਹਿਰਵਾਨ ਹੋ ਗਿਆ ਹੈ । ਚੰਗਾ ਮੈਂ ਤੁਹਾਡੇ ਨਾਲ ਹੀ ਚਲਦਾ ਹਾਂ ਤੇ ਚਲਕੇ ਆਪਣੀ ਵਾਰਤਾ ਸੁਣਾਦਾ ਹਾਂ। ਇਹ ਆਖਕੇ ਉਹ ਦੋਵੇਂ ਤੁਰ ਪਏ ਤੇ ਰਾਹ ਵਿੱਚ ਹੁਣ ਲੂੰਬੜ ਨੂੰ ਸੋਚਾਂ ਪਈਆਂ ਕਿ ਹੁਣ ਤੇ ਕੋਈ ਤਕੜਾ ਫੰਦ ਲਾਉਣਾ ਚਾਹੀਦਾ ਹੈ ਨਹੀਂ ਤਾਂ ਮੌਤ ਆਈ; ਪਾਤਸ਼ਾਹ ਨੇ ਮੈਨੂੰ ਜੀਉਂਦਿਆਂ ਨਹੀਂ ਛੱਡਣਾ।

ਕੋਈ ਚੰਗਾ ਹੀਲਾ ਬਹਾਨਾ ਸੋਚੀਏ ਤੇ ਛੁਟਕਾਰਾ ਕਰਾਈਏ। ਰਾਹ ਵਿੱਚ ਮਾਮਾਂ ਪੁੱਛਣ ਲੱਗਾ, "ਦੱਸ ਖਾਂ ਓਇ ਤੂੰ ਰਿੱਛ ਤੇ ਬਿੱਲੀ ਦਾ ਇਹ ਹਾਲ ਕਿਉਂ ਕੀਤਾ?" ਇਹ ਸੁਣਕੇ ਲੂੰਬੜ ਬੋਲਿਆ "ਜੀ ਮੇਰੇ ਨਾਲ ਤੁਸੀਂ ਇਹੋ ਜੇਹੀਆਂ ਗੱਲਾਂ ਨਾਂ ਕਰੋ, ਮੇਰਾ ਕਾਲਜਾ ਸੁਣ ਕੇ ਸੜ ਜਾਂਦਾ ਹੈ" ਤੇ ਰੋਣਹਾਕਾ ਜਿਹਾ ਹੋਕੇ ਆਖਣ ਲੱਗਾ "ਮਾਮਾਂ ਜੀ, ਮੈਂ ਤਾਂ ਉਨ੍ਹਾਂ ਦੋਹਾਂ ਨੂੰ ਜਾਨੋਂ ਬਚਾਣ ਦਾ ਬੜਾ ਜਤਨ ਕੀਤਾ ਸੀ ਪਰ ਜੇ ਉਹ ਲਾਲਚ ਵਿੱਚ ਆਕੇ ਆਪਣਾ ਇਹ ਹਾਲ ਕਰਾ ਕੇ ਗਏ ਤੇ ਪਾਤਸ਼ਾਹ ਅੱਗੇ ਸੱਚੀਆਂ ਝੂਠੀਆਂ ਜਾ ਲਾਈਆਂ ਤਾਂ ਏਸ ਵਿੱਚ ਮੇਰਾ ਕੀ ਦੋਸ਼ ? ਮੈਂ ਤਾਂ ਉਨ੍ਹਾਂ ਦੇ ਭਲੇ ਦੀ ਗਲ ਕੀਤੀ ਸੀ ਉਹ ਉਲਟੀ ਮੇਰੇ ਤੇ ਹੀ ਪੈ ਗਈ। ਏਥੇ ਤਾਂ ਉਹ ਗਲ ਹੋਈ, ਊਠ ਨਾਂ ਕੁੱਦੇ, ਕੁਦਣ ਬੋਰੇ" ਇਹ ਆਖਕੇ ਝੂਠੀ ਮੂਠੀ ਅਥਰੂ ਵਗਾਣ ਲੱਗਾ। ਬਿੱਜੂ ਨੂੰ ਇਹ ਸੁਣਕੇ ਤਰਸ ਆ ਗਿਆ ਤੇ ਆਖਣ ਲੱਗਾ ਓਹੀ ਝੂਠੇ ਹੋਣਗੇ, ਤੂੰ ਕਿਉਂ ਐਵੇਂ ਰੋਂਦਾ ਹੈਂ, ਤੇਰੀ ਬਲਾ ਰੋਵੇ। ਪਾਤਸ਼ਾਹ ਦੇ ਦਰਬਾਰ ਵਿੱਚ ਆਪੇ ਝੂਠ ਸੱਚ ਦਾ ਨਿਤਾਰਾ ਹੋ ਜਾਵੇਗਾ। ਫੇਰ ਲੂੰਬੜ ਆਖਣ ਲੱਗਾ

"ਜੀ ਮੈਂ ਨਿੱਕਿਆਂ ਹੁੰਦਿਆਂ ਕਈ ਖਰਾਬੀਆਂ ਕੀਤੀਆਂ ਹੋਣ ਗੀਆਂ ਤੇ ਹੁਣ ਵੀ ਮੈਂ ਨਦਾਨ ਹੀ ਹਾਂ। ਇੱਕ ਪਾਪ ਤਾਂ ਮੈਂ ਜਰੂਰ ਕੀਤਾ ਹੋਇਆ ਹੈ ਤੇ ਉਸ ਦਾ ਮੈਨੂੰ ਵੀ ਬੜਾ ਪਸਚਾਤਾਪ ਹੈ, ਮੈਨੂੰ ਤਾਂ ਹੁਣ ਏਸ ਗੱਲ ਦਾ ਅਫਸੋਸ ਹੈ ਕਿ ਮੈਂ ਬੇਦੋਸਾ ਹੀ ਮਾਰਿਆ ਜਾਵਾਂਗਾ। ਪਾਤਸ਼ਾਹ ਨੇ ਮੈਨੂੰ ਐਵੇਂ ਹੀ ਫਾਹੇ ਲਾ ਦੇਣਾ ਹੈ ਤੇ ਮੇਰਾ ਦਿਲ ਕਰਦਾ ਹੈ ਕਿ ਮਰਨ ਤੋਂ ਪਹਿਲਾਂ ਮੈਂ ਆਪਣਾ ਕੀਤਾ ਪਾਪ ਲੋਕਾਂ ਨੂੰ ਦੱਸ ਦੇਵਾਂ ਤਾਂ ਜੇ ਮੈਨੂੰ ਸ਼ਾਂਤੀ ਆ ਜਾਏ। ਸੋ ਤੁਹਾਨੂੰ ਮੈਂ ਆਪਣਾ ਫੋਲਣਾ ਫੋਲਕੇ ਸੁਣਾਂਦਾ ਹਾਂ ॥

ਤੁਹਾਨੂੰ ਪਤਾ ਹੀ ਹੈ ਕਿ ਨਿੱਕਿਆਂ ਹੁੰਦਿਆਂ ਮੈਂ ਸਾਧਾਂ ਸੰਤਾਂ ਦੀ ਸੰਗਤ ਕਰਦਾ ਸੀ। ਇੱਕ ਦਿਨ ਬਘਿਆੜ ਮੇਰੇ ਕੋਲ ਆ ਕੇ ਆਖਣ ਲੱਗਾ ਕਿ "ਮੈਨੂੰ ਵੀ ਸਤਸੰਗ ਵਿੱਚ ਲੈ ਚੱਲਿਆ ਕਰੋ, ਮੈਂ ਹੁਣ ਮਾਸ ਖਾਣਾ ਛੱਡ ਦਿੱਤਾ ਹੈ ਤੇ ਕਿਸੇ ਨੂੰ ਦੁੱਖ ਨਹੀਂ ਦੇਂਦਾ"। ਇਹ ਸੁਣਕੇ ਮੈਂ ਉਸ ਨੂੰ ਨਾਲ ਲੈ ਗਿਆ, ਉੱਥੇ ਜਾਕੇ ਓਹ ਬੜਾ ਖੁਸ਼ੀ ਹੋਇਆ ਤੇ ਆਖਣ ਲੱਗਾ ਕਿ ਕੋਈ

ਵੀ ਤੁਸੀ ਕਰੜੀ ਤੋਂ ਕਰੜੀ ਸੇਵਾ ਮੈਨੂੰ ਦੱਸੋ, ਕਰਾਂਗਾ"। ਮੈਂ ਉਸਨੂੰ ਜੋੜਿਆਂ ਦੀ ਸੇਵਾ ਤੇ ਲਾ ਦਿੱਤਾ, ਉਸ ਦਿਨ ਬੜੀਆਂ ਸੰਗਤਾਂ ਆਈਆਂ ਤੇ ਕਿਧਰੇ ਅੱਧੀ ਰਾਤ ਗਈ ਉਸ ਨੂੰ ਵਿਹਲ ਹੋਈ। ਮੈਂ ਜਾਤਾ ਹੁਣ ਇਹ ਸਤਸੰਗ ਛੱਡ ਕੇ ਨੱਸ ਜਾਏਗਾ ਪਰ ਉਹ ਦੂਜੇ ਦਿਨ ਆਖਣ ਲਗਾ "ਜੀ ਮੈਨੂੰ ਆਪਣੀ ਪੰਗਤੀ ਵਿੱਚ ਰਲਾ ਲਓ"। ਮੈਂ ਉਸਨੂੰ ਬਭੂਤ ਮਲਕੇ ਉਸਦੇ ਗਲ ਭਗਵਾ ਚੋਲਣਾ ਪਾ ਦਿੱਤਾ। ਚੋਲਣਾ ਪਾਕੇ ਉਹ ਸਾਧ ਬਣ ਗਿਆ ਤੇ ਉਸਨੂੰ ਵੇਖਕੇ ਵੱਡੇ ਮਹੰਤ ਨੇ ਆਖਿਆ ਜੋ ਏਸ ਨੂੰ ਹੁਣ ਇਥੋਂ ਕੇਵਲ ਦਾਲ ਪਰਸ਼ਾਦਾ ਦਿੱਤਾ ਕਰੋ। ਕੁਝ ਦਿਨਾਂ ਪਿਛੋਂ ਮੈਨੂੰ ਆਖਣ ਲੱਗਾ ਯਾਰ ਮੈਂ ਏਥੇ ਕੋਈ ਦਾਲ ਪਰਸ਼ਾਦੇ ਤਾਂ ਖਾਣ ਨਹੀਂ ਆਇਆ ਸਾਂ, ਜਦ ਦੇ ਆਏ ਹਾਂ ਨ ਕੋਈ ਖੀਰ ਨ ਪੂੜੇ ਤੇ ਨ ਲੱਡੂ ਪੇੜੇ ਮਿਲੇ ਹਨ, ਏਥੇ ਤਾਂ ਭੁੱਖ ਨੰਗ ਵਰਤੀ ਹੋਈ ਨਜ਼ਰੀ ਆਉਂਦੀ ਹੈ। ਮੈਂ ਉੱਤ੍ਰ ਦਿੱਤਾ ਏਥੇ ਤਾਂ ਇਹ ਕੁਝ ਹੀ ਹਈ, ਅੱਗੋਂ ਤੇਰੀ ਮਰਜ਼ੀ, ਇਹ ਤਾਂ ਸਤਸੰਗ ਹੈ; ਅਲੂਣੀ ਸਿਲਾ ਚੱਟਣ ਵਾਲੀ ਗੱਲ ਹੈ ਤੇ ਮਨ ਮਾਰਕੇ ਏਥੋਂ ਕੁਝ ਲਾਹ ਹੋਣਾ ਹਈ । ਜੇ ਤੂੰ ਮਨ

ਮਾਰ ਕੇ ਟਹਿਲ ਸੇਵਾ ਕਰੇਂਗਾ ਤਾਂ ਟਹਿਲੋਂ ਮਹਿਲ ਪਾਵੇਂਗਾ।ਇਸ ਪਰ ਗੁਰੂ ਜੀ ਨੇ ਵੇਖ ਕੀ ਫਰਮਾਇਆ ਹੈ—

ਸਤਿਗੁਰ ਕੀ ਸੇਵਾ ਗਾਖੜੀ ॥ ਸਿਰ ਦੀਜੈ ਆਪ ਗਵਾਇ ॥ ਸਬਦ ਮਿਲੇ ਤਾਂ ਹਰ ਮਿਲੇ ॥ ਸੇਵਾ ਪਵੈ ਸਭ ਥਾਇ ॥

ਹੋਰ—ਟਹਿਲ ਮਹਿਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲੁ ॥ ਸਾਧੂ ਸੰਗਤ ਤਉ ਬਸੇ ਜਉ ਆਪਨ ਹੋਇ ਦਇਆਲੁ ॥

ਹੋਰ:—ਚਾਰ ਪਦਾਰਥ ਜੇਕੋ ਮਾਂਗੈ ਸਾਧ ਜਨਾ ਕੀ ਸੇਵਾ ਲਾਗੈ ॥

ਹੋਰ:—ਕਮਾਵਾਂ ਤਿਨਕੀ ਕਾਰ ਸਰੀਰ ਪਵਿਤ੍ਰ ਹੋਇ। ਪਖਾ ਪਾਣੀ ਪੀਸ ਬਿਗਸਾ ਪੈਰ ਧੋਇ ॥ ਆਪਹੁ ਕਛੂ ਨ ਹੋਇ, ਪ੍ਰਭ ਨਦਰ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥

ਹੋਰ:—ਮਿਸਟ ਬਚਨ ਬੇਨਤੀ ਕਰਹੁ ਦਾਸ ਕੀ ਨਿਆਈ ॥ ਤਜ ਅਭਿਮਾਨ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥

ਹੋਰ:—ਟਹਿਲ ਕਰਉ ਤੇਰੇ ਦਾਸ ਕੀ ਪਗ
ਝਾਰਉ ਬਾਲ ਮਸਤਕ ਅਪਨਾ ਭੇਟ ਦੇਉ
ਗੁਨ ਸੁਨਤ ਰਸਾਲ ॥

ਇਹ ਸੁਣਕੇ ਉਹ ਮੈਨੂੰ ਮੰਦਾ ਚੰਗਾ ਆਖਣ ਲੱਗਾ, ਤੇ ਬੋਲਿਆ ਘਰ ਰੱਖ ਤੂੰ ਆਪਣਾ ਸਤਸੰਗ, ਭਾਰਾ ਸੰਤ ਬਣੀ ਫਿਰਦਾ ਹੈ, ਇਹ ਸਤਸੰਗ ਕੀ ਹੋਇਆ ਇਹ ਤਾਂ ਭੁੱਖ ਨੰਗ ਹੋਈ, ਸੁੱਕੀਆਂ ਰੋਟੀਆਂ ਖਾਣ ਨੂੰ। ਜਦ ਸੰਤਾਂ ਓਸ ਦੇ ਇਹ ਮੰਦੇ ਬਚਨ ਸੁਣੇ ਤਾਂ ਸਾਰੇ ਸੰਤ ਬੜੇ ਗੁੱਸੇ ਹੋਏ ਤੇ ਮੈਨੂੰ ਵੀ ਗੁੱਸਾ ਆ ਗਿਆ, ਮੈਂ ਇੱਕ ਚਿਮਟਾ ਤਾ ਕੇ ਉਸ ਦੇ ਸਿਰ ਵਿੱਚ ਮਾਰਿਆ। ਇਹ ਅਪ੍ਰਾਧ ਜ਼ਰੂਰ ਮੈਂ ਆਪਣੀ ਸਾਰੀ ਉਮਰ ਵਿੱਚ ਕੀਤਾ ਹੈ ॥

ਜਦ ਮਾਮੇਂ ਬਿੱਜੂ ਡਿੱਠਾ ਕਿ ਲੂੰਬੜ ਆਪਣੇ ਕੀਤੇ ਦਾ ਪਸ਼ਚਾਤਾਪ ਕਰਦਾ ਹੈ ਤਾਂ ਉਸ ਨੇ ਇੱਕ ਨਿੱਕੀ ਜੇਹੀ ਛਮਕ ਲੈਕੇ ਉਸ ਨੂੰ ਮਾਰਿਆ ਤੇ ਜ਼ਮੀਨ ਤੇ ਇੱਕ ਲੀਕ ਕਢਕੇ ਆਖਿਆ ਏਸ ਨੂੰ ਪੰਜ ਵਾਰੀ

ਟੱਪ। ਜਦ ਓਹ ਪੰਜ ਵਾਰੀ ਟੱਪ ਚੁੱਕਾ ਤਾਂ ਉਸ ਨੂੰ ਆਖਣ ਲੱਗਾ, ਵੇਖ ਬੱਚਾ ਪਿੱਛੇ ਜੋ ਹੋਇਆ ਸੋ ਹੋਇਆ ਅੱਗੋਂ ਲਈ ਲਾ ਕੰਨਾਂ ਨੂੰ ਹੱਥ, ਸਿਧੇ ਰਸਤੇ ਤੁਰੀਂ, ਵਾਹਿਗੁਰੂ ਤੇਰੀਆਂ ਭੁੱਲਾਂ ਬਖਸ਼ੇਗਾ। ਤੂੰ ਜੋ ਏਸ ਬਾਲ ਬੱਚੇ ਤੇ ਆਪਣੇ ਪੇਟ ਲਈ ਅਪਰਾਧ ਕਰਦਾ ਹੈਂ ਕੋਈ ਤੇਰੇ ਨਾਲ ਨਹੀਂ ਚਲਣਾ। ਯਥਾ:–

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਇਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋ-ਤਾਈਐ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ੧੧॥

ਸੋ ਤੂੰ ਸ਼ੁਭ ਕੰਮ ਕਰ ਜਿਸ ਲਈ ਤੇਰਾ ਏਸ ਜੱਗਵਿਚ ਆਉਣ ਹੋਇਆ। ਯਥਾ:–

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ ਕਿਆ ਤੁਧੁ ਕਰਮੁ ਕਮਾਇਆ ॥ ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥ ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾ-ਇਆ ॥ ਗੁਰਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥ ਕਹੈ ਨਾਨਕੁ ਏਹੁ ਸਰੀਰ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥ ੩੫ ॥

ਇਸ ਪ੍ਰਥਾ ਤੇ ਮੈਨੂੰ ਹੋਰ ਚੇਤੇ ਆਇਆ ਹੈ:—

ਜਾਗਿਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ ॥ ੧ ॥ ਰਹਾਉ ॥ ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾਸਿਉ ਕੀਨਾ ॥ ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈਂ ਦੀਨਾ ॥ ੧ ॥ ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ

ਗਾਇ ਲੈ ਸਭ ਸੁਫਨ ਸਮਾਨਉ ॥ ੨ ॥ ੨ ॥
ਸਾਧੋ ਇਹ ਤਨੁ ਮਿਥਿਆ ਜਾਨਉ ॥ ਯਾ
ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ
ਪਛਾਨੋ ॥ ੧ ॥ ਰਹਾਉ ॥ ਇਹੁ ਜਗੁ ਹੈ ਸੰਪਤਿ
ਸੁਪਨੇ ਕੀ ਵੇਖਿ ਕਹਾ ਐਡਾਨੋ ॥ ਸੰਗ ਤਿਹਾਰੈ
ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥ ੧ ॥
ਉਸਤਤਿ ਨਿੰਦਾ ਦੋਊ ਪਰਹਰ ਹਰਿ ਕੀਰਤਿ
ਉਰ ਆਨੋ ॥ ਜਨ ਨਾਨਕ ਸਭ ਹੀ ਮੈ
ਪੂਰਨ ਏਕ ਪੁਰਖ ਭਗਵਾਨੋ ॥ ੨ ॥ ੧ ॥

ਉਪਰਲੇ ਉਪਦੇਸ਼ ਤੋਂ ਤੈਨੂੰ ਪਤਾ ਲੱਗ ਗਿਆ ਹੋਣਾ ਹੈ ਕਿ ਤੇਰਾ ਜੀਵਨ ਕਿਸ ਲਈ ਹੈ ਤੇ ਕਿਸੇ ਨੇ ਤੇਰੇ ਨਾਲ ਨਹੀਂ ਜਾਣਾ। ਸੋ ਤੈਨੂੰ ਸਾਧਾਂ ਸੰਤਾਂ ਦੀ ਸੰਗਤ ਤੇ ਸੇਵਾ ਕਰਨੀ ਚਾਹੀਦੀ ਹੈ ਜਿਸ ਨਾਲ ਤੇਰੀ ਬੁੱਧੀ ਨਿਰਮਲ ਹੋਵੇਗੀ ਤੂੰ ਸਿੱਧੇ ਰਾਹ ਤੁਰ ਪਏਂਗਾ ਤੇ ਤੇਰੀ ਸੰਸਾਰ ਯਾਤ੍ਰਾ ਸਫਲ ਹੋ ਜਾਏਗੀ। ਯਥਾ:—

"ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੇ

ਅਸੰਤੁ ਮਸਟਿ ਕਰਿ ਰਹੀਐ ॥ ੧ ॥ ਬਾਬਾ
ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ
ਰਵਿ ਰਹੀਐ ॥ ੧ ॥ ਰਹਾਉ ॥ ਸੰਤਨ ਸਿਉ
ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ
ਝਖਮਾਰੀ ॥ ੨ ॥ ਬੋਲਤ ਬੋਲਤ ਬਢਹਿ
ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ
ਬੀਚਾਰਾ ॥ ੩ ॥ ਕਹੁ ਕਬੀਰ ਛੂਛਾ ਘਟ
ਬੋਲੈ ॥ ਭਰਿਆ ਹੋਇ ਸੁ ਕਬਹੁ ਨ
ਡੋਲੈ ॥ ੪ ॥ ੧ ॥

ਸੋ ਹੁਣ ਤੈਨੂੰ ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੀਦਾ ਤੇ ਵਾਹਿਗੁਰੂ ਦਾ ਸਿਮਰਣ ਕਰਨਾ ਚਾਹੀਦਾ ਹੈ ।

ਜਦ ਮਾਮਾਂ ਬਿੱਜੂ ਇਹ ਉਪਦੇਸ਼ ਦੇਈ ਜਾਂਦਾ ਸੀ ਉਸ ਨੂੰ ਕੀ ਪਤਾ ਸੀ ਕਿ ਇਹ ਬੜਾ ਨਿਰਦਈ ਤੇ ਕਪਟੀ ਹੈ, ਏਸ ਨੂੰ ਉਪਦੇਸ਼ ਦਾ ਕੋਈ ਅਸਰ ਨਹੀਂ ਹੋਣਾ । ਇਹ ਤਾਂ ਬਾਹਰੋਂ ੨ ਸੰਤ ਹੈ ਤੇ ਅੰਦਰ ਏਸ ਦਾ ਕਪਟਾਂ ਦੀ ਖਾਣ ਹੈ ਤੇ ਸੰਤਾਂ ਦਾ ਬਾਣਾ ਧਾਰਕੇ ਧੋਖਾ ਦੇਈ ਜਾਂਦਾ ਹੈ । ਯਥਾ:–

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ
ਰਿਦੈ ਕੁਸੁਧੇ ਜਾਹਿ ॥ ੧ ॥

ਉਸਦੀ ਇਹ ਦਸ਼ਾ ਸੀ ॥ ਅੱਗੇ ਸੜਕ ਦੇ ਕੰਢੇ ਇੱਕ ਬਾਗ ਵਿੱਚ ਮੋਟੀਆਂ ੨ ਕੁਕੜੀਆਂ ਚੁਗਦੀਆਂ ਸਨ। ਲੂੰਬੜ ਉਨ੍ਹਾਂ ਨੂੰ ਵੇਖ ੨ ਕੇ ਲਲਚਦਾ ਤੇ ਘੂਰ ੨ ਕੇ ਵੇਖਦਾ ਰਿਹਾ, ਪਰ ਮਾਮੇਂ ਤੋਂ ਡਰਦਾ ਮਾਰਿਆ ਕੁਝ ਕਰ ਨ ਸੱਕੇ ਤੇ ਅੰਤ ਨੂੰ ਜਦ ਉਸ ਪਾਸੋਂ ਨਾਂ ਰਿਹਾ ਗਿਆ ਤਾਂ ਛਾਲ ਮਾਰਕੇ ਇੱਕ ਕੁਕੜੀ ਨੂੰ ਜਾ ਫੜਿਆ ਤੇ ਜੇ ਉਸਨੂੰ ਆਕੇ ਕੁੱਤੇ ਨਾਂ ਛੁਡਾਉਂਦੇ ਤਾਂ ਮਾਰ ਹੀ ਸੁੱਟਦਾ। ਬਿੱਜੂ ਨੇ ਜਦ ਉਸਦਾ ਇਹ ਹਾਲ ਡਿੱਠਾ ਤਾਂ ਓਹ ਬੜਾ ਕੰਬਿਆ ਤੇ ਉਸ ਨੂੰ ਘਸੀਟ ਕੇ ਪੁਲੋਂ ਪਾਰ ਲੈ ਗਿਆ। ਲੂੰਬੜ ਨੂੰ ਬੜਾ ਰੋਹ ਆਇਆ ਤੇ ਅੱਖਾਂ ਘੂਰਕੇ ਆਖਣ ਲੱਗਾ, "ਓ ਮੈਂ ਕਿੱਥੇ ਜਾਵਾਂ ਲੋਕੋ ! ਮੇਰੇ ਤਾਂ ਘਰ ਦੇ ਵੀ ਤੇ ਬਾਹਰ ਦੇ ਵੀ ਵੈਰੀ ਹੋ ਗਏ ਨੇ, ਮੇਰਾ ਹੁਣ ਕੋਈ ਥਾਉਂ ਨਹੀਂ ਰਿਹਾ। ਮਾਮੇਂ ਦਾ ਵੀ ਏਹੋ ਖਿਆਲ ਹੈ, ਮਾਮਾਂ ਜੀ ਤੁਸੀ ਦੱਸੋ ਤਾਂ ਸਹੀ ਮੈਂ

ਕੀਤਾ ਕੀ ਹੈ ? ਤੁਹਾਨੂੰ ਕੀ ਪਤਾ,ਪਿਛਲੇ ਵਰ੍ਹੇ ਮੈਂ ਏਸ ਦੇ ਦੋ ਬੱਚੇ ਮਾਰ ਛੱਡੇ ਸੀ, ਏਸ ਲਈ ਮੈਂ ਉਸਤੋਂ ਆਪਣੀ ਭੁੱਲ ਬਖਸ਼ਾਨ ਗਿਆ ਸਾਂ। ਤੁਹਾਨੂੰ ਤਾਂ ਹੋਰ ਦਾ ਹੋਰ ਹੀ ਭਰਮ ਪੈ ਗਿਆ ਹੈ। ਜਦ ਮੈਂ ਉਸਦੇ ਕੋਲ ਗਿਆ ਤਾਂ ਮੈਨੂੰ ਵੇਖ ਕੇ ਓਹ ਨੱਸ ਪਈ ਤੇ ਮੈਂ ਸੋਚਿਆ ਕਿ ਅੱਜ ਤਾਂ ਇਤਫਾਕ ਨਾਲ ਏਧਰੋਂ ਲੰਘੇ ਹਾਂ ਤੇ ਇਹ ਵਿਚਾਰੀ ਵੀ ਮਿਲ ਪਈ ਹੈ ਤੇ ਜੇ ਅੱਜ ਵੀ ਏਸ ਤੋਂ ਭੁੱਲ ਨਾ ਬਖਸ਼ਾਈ ਤਾਂ ਫੇਰ ਵੇਲਾ ਹੱਥ ਨਹੀਂ ਆਉਣਾ ਤੇ ਪ੍ਰਾਣਾਂ ਦਾ ਕੋਈ ਵਿਸਾਹ ਨਹੀਂ, ਏਸ ਲਈ ਮੈਂ ਉਸ ਨੂੰ ਜੋਰੀ ਫੜਕੇ ਖਲਵਾ ਲਿਆ। ਮਾਮਾਂ ਜੀ ਤੁਹਾਨੂੰ ਵੀ ਕੋਈ ਹੋਸ਼ ਦੀ ਗੱਲ ਕਰਣੀ ਚਾਹੀਦੀ ਹੈ, ਤੁਸੀ ਮੇਰੇ ਵੱਡੇ ਹੋ ਮੈਂ ਤੁਹਾਨੂੰ ਕੀ ਆਖਾਂ, ਪਰ ਅਗੋਂ ਜਰਾ ਅਕਲ ਨਾਲ ਵਿਚਾਰ ਕੇ ਗੱਲ ਕਰਿਆ ਕਰੋ" ॥

ਬਿੱਜੂ ਵਿਚਾਰਾ ਇਹ ਸਾਰੀਆਂ ਗੱਲਾਂ ਸੁਣਕੇ ਹੱਕਾ ਬੱਕਾ ਹੋ ਗਿਆ ਤੇ ਕੋਈ ਉੱਤਰ ਨਾਂ ਦੇ ਸਕਿਆ ਤੇ ਚੁੱਪ ਕਰਕੇ ਕੰਨ ਵਲ੍ਹੇਟ ਕੇ ਤੁਰੀ ਗਿਆ। ਜਦ ਪਾਤਸ਼ਾਹ ਦੇ ਦਰਬਾਰ ਦੇ ਨੇੜੇ ਪੁੱਜੇ ਤਾਂ ਲੂੰਬੜ ਆਕੜ

ਕੇ ਤੁਰਨ ਲੱਗਾ, ਜੀਕਣ ਉਸਨੂੰ ਕਿਸੇ ਦਾ ਡਰ ਭੌ ਹੈ ਹੀ ਨਹੀਂ ਪਰ ਅੰਦਰ ਖਾਨਿਓਂ ਡਰਦਾ ਮਾਰਿਆ ਥਰ ੨ ਕੰਬਦਾ ਸੀ ॥

ਭਾਗ ੫

ਜਦ ਅੰਦਰ ਪੁੱਜੇ ਤਾਂ ਦਰਬਾਰ ਵਿੱਚ ਖ਼ੂਬ ਰੌਣਕ ਸੀ। ਸਾਰੇ ਪਸ਼ੂਆਂ ਪੰਛੀਆਂ ਨੂੰ ਜਦ ਖਬਰ ਹੋਈ ਕਿ ਲੂੰਬੜ ਆ ਗਿਆ ਹੈ ਤਾਂ ਓਹ ਹੁਮ ਹੁਮਾ ਕੇ ਆਏ, ਲੂੰਬੜ ਮਜ਼ਾਖਾਂ ਨਾਲ ਤੁਰਦਾ ੨ ਪਾਤਸ਼ਾਹ ਦੇ ਕੋਲ ਪੁੱਜਾ ਤੇ ਡੰਡਵਤ ਕਰਕੇ ਬੈਠ ਗਿਆ। ਰਾਹ ਜਾਂਦਾ ਸਾਰਿਆਂ ਨੂੰ ਘੂਰ ੨ ਕੇ ਵੇਖਦਾ ਸੀ। ਉਸ ਦੀ ਇਹ ਹਾਲਤ ਵੇਖਕੇ ਸਾਰੇ ਬੜੇ ਔਖੇ ਹੋਏ ਤੇ ਆਪਸ ਵਿੱਚ ਗੱਲਾਂ ਕਰਨ ਲੱਗੇ: ਏਸ ਖਚਰੇ ਦੀ ਤੋਰ ਤਾਂ ਵੇਖੋ, ਦੇਖੋ ਜੀ "ਚੋਰ ਨਾਲੇ ਚਤਰ" ਇਹ ਵੀ ਕੋਈ ਭਲਿਆਂ-ਮਾਨਸਾਂ ਦੇ ਚਾਲੇ ਨੇ ? ਇਹ ਤਾਂ "ਉਲਟਾ ਚੋਰ ਕੁਟਵਾਲ ਨੂੰ ਡੰਡੇ" ਵਾਲੀ ਗਲ ਹੈ। ਬਾਦਸ਼ਾਹ

ਉਸ ਨੂੰ ਵੇਖ ਕੇ ਬੜਾ ਗੁੱਸੇ ਹੋਇਆ ਤੇ ਝੱਟ ਹੀ ਸਾਰੇ ਦੋਸ਼ ਜੋ ਉਸ ਦੇ ਜੁਮੇਂ ਸੀ ਪੜ੍ਹਕੇ ਸੁਣਾ ਦਿੱਤੇ ਤੇ ਅਖਿਆ "ਜੋ ਕੁਝ ਉੱਤਰ ਦੇਣਾ ਈ, ਛੇਤੀ ਦੇਹ" ॥

ਆਪਣੇ ਸਾਰੇ ਦੋਸ਼ ਸੁਣਕੇ ਲੂੰਬੜ ਰਤੀ ਵੀ ਨਾਂ ਘਾਬਰਿਆ ਤੇ ਬੋਝੇ ਵਿੱਚੋਂ ਕਾਗਤ ਕੱਢ ਕੇ ਸਾਰੇ ਦੋਸ਼ ਲਿਖੇ। ਉਸ ਨੂੰ ਵੇਖ ੨ ਕੇ ਸਾਰੇ ਆਖਣ: ਵੇਖੋ ਜੀ ਕਿਡਾ ਚਤਰ ਹੈ, ਵਕੀਲਾਂ ਵਾਂਗ ਲਿਖੀ ਜਾਂਦਾ ਹੈ। ਅੰਤ ਨੂੰ ਜਦ ਸਭ ਕੁਝ ਲਿਖ ਲਿਖਾ ਚੁੱਕਾ ਤਾਂ ਏਧਰ ਓਧਰ ਵੇਖ ਕੇ ਹੱਸਣ ਤੇ ਖੰਘੂਰੇ ਮਾਰਨ ਲੱਗਾ ਤੇ ਆਪਣੇ ਸਾਰੇ ਦੋਸ਼ ਗਿਣ ੨ ਕੇ ਉਨ੍ਹਾਂ ਦਾ ਉੱਤਰ ਦੇਂਦਾ ਰਿਹਾ। ਉਸ ਨੇ ਕਈ ਬਹਾਨੇ ਤੇ ਆਲੇ ਟੋਲੇ ਦੀਆਂ ਲਪੇਟ-ਵੀਆਂ ਗਲਾਂ ਆਪਣੇ ਬਚਾ ਲਈ ਕੀਤੀਆਂ, ਜਿਨ੍ਹਾਂ ਤੋਂ ਪਤਾ ਲਗਦਾ ਸੀ ਕਿ ਬਾਕੀ ਦੇ ਸਾਰੇ ਝੂਠੇ ਹੀ ਹਨ ॥

ਇਹ ਸੁਣਕੇ ਪਾਤਸ਼ਾਹ ਬੋਲਿਆ "ਹਾਂ ਜੋ ਕੁਝ ਤੂੰ ਆਖਦਾ ਹੈਂ ਸੱਚ ਹੋਸੀ, ਪਰ ਹੁਣ ਤਾਂ ਤੇਰੀ ਦਾਲ ਗਲਦੀ ਨਜ਼ਰ ਨਹੀਂ ਆਉਂਦੀ, ਹੁਣ ਏਸ ਦੇ ਵਿਰੁੱਧ

ਗਵਾਹ ਛੇਤੀ ਨਾਲ ਪੇਸ਼ ਕਰੋ"। ਸਾਰੇ ਗਵਾਹਾਂ ਨੇ ਵਾਰੀ੨ ਉਸਦੇ ਵਿਰੁੱਧ ਗਵਾਹੀਆਂ ਦਿੱਤੀਆਂ, ਜਿਨ੍ਹਾਂ ਨੂੰ ਸੁਣਕੇ ਲੂੰਬੜ ਨੂੰ ਪਤਾ ਲੱਗ ਗਿਆ ਕਿ ਹੁਣ ਮੇਰੇ ਬਚਣ ਦੀ ਕੋਈ ਸੂਰਤ ਨਹੀਂ । ਜਦ ਸਾਰੇ ਗਵਾਹ ਭੁਗਤ ਚੁੱਕੇ ਤਾਂ ਪਾਤਸ਼ਾਹ ਨੇ ਸਭ ਕੁਝ ਪੜ੍ਹ ਕੇ ਉਸਨੂੰ ਸੁਣਾਇਆ ਤੇ ਹੁਕਮ ਦਿੱਤਾ ਕਿ "ਇਸ ਕਪਟੀ ਨੂੰ ਫਾਂਸੀ ਦਿੱਤਾ ਜਾਏ"। ਇਹ ਹੁਕਮ ਸੁਣਦਿਆਂ ਹੀ ਸਪਾਹੀ ਉਸਦੀਆਂ ਮੁਸ਼ਕਾਂ ਬੰਨ੍ਹਕੇ ਲੈ ਗਏ।

ਜਦ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਲਈ ਜਾਂਦੇ ਸਨ ਤਾਂ ਇਉਂ ਵੇਖੀ ਜਾਂਦਾ ਸੀ ਜਿਸ ਤਰ੍ਹਾਂ ਕੋਈ ਬੇਦੋਸ਼ਾ ਫਸ ਗਿਆ ਹੋਇਆ ਹੈ । ਉਸਦਾ ਮਾਮਾਂ ਤੇ ਹੋਰ ਯਾਰ ਦੋਸਤ ਵੇਖ ੨ ਕੇ ਆਖਣ "ਜੀ ਵੇਖੋ ਏਸ ਵਿਚਾਰੇ ਨਾਲ ਬੜਾ ਅਨਿਆਉਂ ਤੇ ਜ਼ੁਲਮ ਹੋਇਆ ਹੈ"। ਓਹ ਪਾਤਸ਼ਾਹ ਦੇ ਹੁਕਮ ਨੂੰ ਪਲਟਾ ਵੀ ਨਹੀਂ ਸੀ ਸਕਦੇ ਤੇ ਉਸ ਨੂੰ ਬਚਾਉਣਾ ਵੀ ਚਾਹੁੰਦੇ ਸੀ । ਇਹ ਸੋਚ ਕੇ ਓਹ ਸਾਰੇ ਦਰਬਾਰ ਵਿੱਚ ਖਲੋ ਗਏ ਤੇ ਆਖਣ ਲੱਗੇ "ਜੀ ਅਸੀਂ ਕੁਝ ਆਖ ਤਾਂ ਨਹੀਂ ਸਕਦੇ ਪਰ

ਆਪ ਨੂੰ ਦੱਸਣਾ ਚਾਹੁੰਦੇ ਹਾਂ ਕਿ ਏਸ ਬੇਦੋਸੇ ਤੇ ਬੜਾ ਜ਼ੁਲਮ ਹੋਇਆ ਹੈ ਜੋ ਅਸੀਂ ਸਹਾਰ ਨਹੀਂ ਸਕਦੇ। ਸੋ ਅਸੀਂ ਜਾਂਦੇ ਹਾਂ ਜੋ ਸਰਕਾਰ ਦੀ ਮਰਜੀ ਹੋਵੇ ਕਰੋ"। ਇਹ ਸੁਣਕੇ ਪਾਤਸ਼ਾਹ ਸੋਚਣ ਲੱਗਾ ਕਿ ਹੁਣ ਕੀ ਕਰੀਏ। ਪਾਤਸ਼ਾਹ ਅਜੇ ਸੋਚਾਂ ਵਿੱਚ ਹੀ ਸੀ ਕਿ ਬਘਿਆੜ, ਰਿੱਛ ਤੇ ਬਿੱਲੀ, ਲੂੰਬੜ ਨੂੰ ਬੰਨ੍ਹ ਕੇ ਧਰੂ ਕੇ ਲੈ ਗਏ। ਇੱਕ ਵੱਡੇ ਸਾਰੇ ਰੁੱਖ ਦੇ ਹੇਠਾਂ ਪੁੱਜ ਕੇ ਬਘਿਆੜ ਇੱਕ ਵੱਡਾ ਸਾਰਾ ਰੱਸਾ ਲੈ ਕੇ ਆਖਣ ਲੱਗਾ ਕਿ ਇਸ ਦੇ ਗਲ ਵਿੱਚ ਪਾ ਕੇ ਏਸ ਨੂੰ ਫਾਹੇ ਲਾ ਦੇਵੋ ਤੇ ਆਪ ਉੱਪਰ ਚੜ੍ਹ ਗਿਆ। ਰੱਸਾ ਲੂੰਬੜ ਦੇ ਗਲ ਵਿੱਚ ਪਿਆ ਹੋਇਆ ਵੇਖ ਕੇ ਸਾਰੇ ਜਨੌਰ ਸਮਝ ਗਏ ਕਿ ਹੁਣ ਏਸ ਪਾਪੀ ਦਾ ਅੰਤ ਸਮਾਂ ਆ ਗਿਆ ਹੈ ਤੇ ਓਹ ਵਿਚਾਰਾ ਵੀ ਸਿਰ ਸੁੱਟ ਕੇ ਬੈਠਾ ਹੋਇਆ ਸੀ। ਬੱਸ ਹੁਣ ਉਸ ਨੂੰ ਫਾਹੇ ਲਾਣ ਦੀ ਤਿਆਰੀ ਸੀ। ਓਹ ਬੋਲਿਆ "ਜੀ ਸਰਕਾਰ ਮਰਦੀ ਵਾਰੀ ਮੈਨੂੰ ਇੱਕ ਦੋ ਗਲਾਂ ਤਾਂ ਕਰ ਲੈਣ ਦਿਓ"। ਇਹ ਸੁਣ ਕੇ ਸ਼ੇਰ ਬੋਲਿਆ "ਆਖ ਓਇ ਪਾਪੀਆ ਹਤਿਆਰਿਆ ਜੋ ਆਖਣਾ ਈ ਤਾਂ ਜੋ ਮਗਰੋਂ ਤੈਨੂੰ ਛੇਤੀ ਫਾਹੇ ਲਾਈਏ"॥

ਲੂੰਬੜ ਨੂੰ ਕੁਝ ਸੁਧ ਬੁਧ ਨਹੀਂ ਸੀ ਕਿ ਕੀ ਆਖਾਂ ਤੇ ਕੀ ਨਾਂ ਆਖਾਂ। ਓਹ ਦਬਾ ਦਬ ਉਚੀ ੨ ਰੋਣ ਤੇ ਢਾਈਂ ਮਾਰਨ ਲੱਗ ਪਿਆ। ਉਸ ਨੂੰ ਏਸ ਤਰ੍ਹਾਂ ਰੋਂਦੇ ਵੇਖ ਕੇ ਕਈ ਕੋਮਲ ਹਿਰਦੇ ਵਾਲੇ ਜਨੌਰ ਵੀ ਅੱਥਰੂ ਵਹਾਣ ਲਗ ਪਏ ਤੇ ਪਾਤਸ਼ਾਹ ਅੱਗੇ ਹੱਥ ਜੋੜ ਕੇ ਆਖਣ ਲੱਗੇ "ਸਰਕਾਰ ਇਸ ਗਰੀਬ ਤੇ ਕੁਝ ਦਇਆ ਤੇ ਤਰਸ ਕਰੋ"। ਇਹ ਸੁਣ ਕੇ ਲੂੰਬੜ ਦਬਾ ਦਬ ਰੋਈ ਗਿਆ ਤੇ ਦਿਲ ਵਿੱਚ ਆਖਣ ਲੱਗਾ ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਆਖਣ ਲੱਗਾ "ਜੀ ਮੈਂ ਦੋ ਚਾਰ ਗੱਲਾਂ ਕਰਕੇ ਆਪਣੇ ਕੀਤੇ ਪਾਪਾਂ ਨੂੰ ਦਸਣਾ ਹੈ"॥

ਇਹ ਸੁਣ ਕੇ ਪਾਤਸ਼ਾਹ ਮਨ ਵਿੱਚ ਵਿਚਾਰ ਕਰਨ ਲੱਗਾ ਕਿ ਮਲੂਮ ਹੁੰਦਾ ਹੈ ਕਿ ਮੈਂ ਲੂੰਬੜ ਤੇ ਬਹੁਤ ਹੀ ਸਖ਼ਤੀ ਕੀਤੀ ਹੈ, ਸੋ ਇਹ ਵਿਚਾਰ ਕੇ ਬੋਲਿਆ "ਦਸ ਕੀ ਆਖਣਾ ਈ, ਜੋ ਕੁਝ ਆਖਣਾ ਈ ਛੇਤੀ ਕਰ"। ਬੱਸ ਲੂੰਬੜ ਵੀ ਏਹੋ ਹੀ ਚਾਹੁੰਦਾ ਸੀ ਤੇ ਹੁਣ ਉਸ ਨੂੰ ਕੁਝ ਆਸ ਹੋ ਗਈ ਕਿ ਮੈਂ ਬਚ ਰਹਾਂਗਾ।

ਉਸ ਨੇ ਹੁਣ ਝੂਠੀ ਮੂਠੀ ਦੇ ਅਥਰੂ ਵਹਾਕੇ ਆਪਣੀ ਰਾਮ ਕਹਾਣੀ ਸ਼ੁਰੂ ਕਰ ਦਿਤੀ । ਪਰ ਉਹ ਰਾਮ ਕਹਾਣੀ ਕਿਸੇ ਨੂੰ ਚੰਗੀ ਨਾਂ ਲੱਗੀ ਕਿਉਂਕਿ ਉਹ ਸਾਰਿਆਂ ਤੇ ਕੋਈ ਨਾਂ ਕੋਈ ਦੋਸ਼ ਲਾਈ ਤੇ ਆਪਣੀ ਵਡਿਆਈ ਕਰੀ ਜਾਂਦਾ ਸੀ। ਕਹਾਣੀ ਸੁਣਾ ਕੇ ਉਸ ਨੇ ਇੱਕ ਬੜਾ ਹੋਕਾ ਭਰ ਕੇ ਆਖਿਆ "ਹੱਛਾ ਮੇਰੀਆਂ ਨੇਕੀਆਂ ਦਾ ਮੈਨੂੰ ਜੇ ਇਹੋ ਹੀ ਫਲ ਮਿਲਨਾ ਸੀ ਤਾਂ ਅਗੋਂ ਤੋਂ ਏਸ ਸੰਸਾਰ ਵਿੱਚ ਕਿਉਂ ਕੋਈ ਕਿਸੇ ਨਾਲ ਨੇਕੀ ਕਰੇਗਾ ਤੇ ਕਿਸੇ ਦਾ ਕੰਮ ਸਵਾਰੇਗਾ। ਹੱਛਾ ਮੇਰੇ ਭਾਗ, ਮੈਨੂੰ ਪਾਤਸ਼ਾਹ ਦੇ ਵਿਰੁੱਧ ਮਤੇ ਪਕਾਏ ਹੋਏ ਹਟੌਣ ਦਾ ਇਹੋ ਹੀ ਫਲ ਮਿਲਨਾ ਸੀ ਤੇ ਖਜਾਨਾ ਸਾਂਭ ਕੇ ਰੱਖਣ ਦਾ ਏਹੀ ਇਨਾਮ ਮਿਲਨਾ ਸੀ। ਜੇ ਮੈਂ ਦੋ ਕੁ ਮਹੀਨੇ ਹੋਰ ਜੀਉਂਦਾ ਤਾਂ ਪਾਤਸ਼ਾਹ ਨੂੰ ਓਹ ਸਾਰਾ ਖਜਾਨਾ ਦੇ ਹੀ ਦੇਂਦਾ । ਤੁਸੀਂ ਵੀ ਸਰਕਾਰ ਹੁਣ ਰਾਜ ਨ ਕਰਦੇ ਹੁੰਦੇ ਜੇ ਮੈਂ ਮੈਂ‌ਮੈਂ ਮੈਂ..."।

ਉਸਦੀਆਂ ਇਹ ਗੱਲਾਂ ਸੁਣ ਕੇ ਪਾਤਸ਼ਾਹ ਪੁਛਣ ਲੱਗਾ, "ਓਹ ਦੱਸ ਕੇਹੜਾ ਖਜਾਨਾ ਤੇ ਕੇਹੜੇ

ਮੇਰੇ ਵਿਰੁਧ ਮਨਸੂਬੇ ਲੋਕਾਂ ਨੇ ਪਕਾਏ ਸੀ। ਮੈਂ ਤਾਂ ਅੱਜ ਤੀਕ ਕਦੀ ਵੀ ਏਹੋ ਜੇਹੀ ਗੱਲ ਬਾਤ ਨਹੀਂ ਸੁਣੀ ਸੀ ਛੇਤੀ ਦਸ ਕੀ ਗੱਲ ਹੈ"। ਇਹ ਸੁਣ ਕੇ ਉਹ ਕਪਟੀ ਅੰਦਰੋਂ ੨ ਹੱਸਿਆ ਤੇ ਆਖਣ ਲੱਗਾ, "ਹੁਣ ਕੰਮ ਬਣਿਆਂ ਹੈ ਤੇ ਮੇਰਾ ਦਾ ਫੱਬਿਆ ਹੈ। ਸੋ ਉਸ ਨੇ ਇੱਕ ਵੱਡੀ ਲੰਮੀ ਚੌੜੀ ਝੂਠੀ ਕਹਾਣੀ ਘੜ ਕੇ ਸੁਣਾਨੀ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ ਕਿ "ਸਾਰੇ ਵੱਡੇ ਐਹਲਕਾਰਾਂ ਨੇ ਰਲ ਮਿਲ ਕੇ ਪਾਤਸ਼ਾਹ ਦੇ ਕਤਲ ਕਰਨ ਦੀ ਗੋਂਦ ਗੁੰਦੀ ਸੀ। ਮੈਨੂੰ ਜਦ ਏਸ ਦੀ ਸੂਹ ਲੱਗੀ ਤਾਂ ਮੈਂ ਸਾਰਿਆਂ ਨੂੰ ਆਖਿਆ "ਵੇਖੋ ਭਾਈ ਪਾਤਸ਼ਾਹ ਦੇ ਵਿਰੁਧ ਏਹੋ ਜੇਹੀਆਂ ਗੱਲਾਂ ਕਰਨੀਆਂ ਠੀਕ ਨਹੀਂ ਤੁਸੀਂ ਬੜੇ ਰਾਜ ਧਰੋਈ ਹੋ, ਜੇ ਟਲ ਜਾਵੋ ਤਾਂ ਚੰਗਾ ਹੈ ਨਹੀਂ ਤਾਂ ਮੈਂ ਸਾਰੀਆਂ ਗੱਲਾਂ ਪਾਤਸ਼ਾਹ ਨੂੰ ਜਾਕੇ ਦਸ ਦਿਆਂਗਾ ਤੇ ਤੁਹਾਨੂੰ ਉਸਦਾ ਫਲ ਭੁਗਤਣਾ ਪਵੇਗਾ"। ਇਹ ਸੁਣਕੇ ਓਹ ਡਰੇ ਤੇ ਮੇਰੀ ਪੈਰੀਂ ਪੈਣ ਲੱਗੇ ਕਿ "ਹੁਣ ਮਾਫੀ ਦੇ ਤੇ ਅੱਗੋਂ ਇਹੋ ਜੇਹੀ ਗਲ ਕਦੀ ਨਹੀਂ ਕਰਨ ਲਗੇ"। ਦੂਜੇ ਪਾਸੇ ਇੱਕ ਵਾਰੀ

ਇਨ੍ਹਾਂ ਨੂੰ ਇੱਕ ਥਾਉਂ ਬੜਾ ਖਜਾਨਾ ਲੱਭਾ ਤੇ ਆਪਸ ਵਿੱਚ ਵੰਡਣ ਦੀਆਂ ਸਲਾਹਾਂ ਕਰਦੇ ਸੀ ਕਿ ਉਤੋਂ ਫਿਰਦਾ ਟੁਰਦਾ ਮੈਂ ਵੀ ਆ ਨਿਕਲਿਆ। ਮੈਨੂੰ ਵੇਖ ਕੇ ਬੜੇ ਘਾਬਰੇ ਤੇ ਆਖਣ ਲੱਗੇ, "ਆਓ ਤੁਸੀਂ ਵੀ ਆਪਣਾ ਹਿੱਸਾ ਲੈ ਲਓ, ਅਸੀ ਤੁਹਾਡੀ ਉਡੀਕ ਵਿੱਚ ਹੀ ਸਾਂ"। ਇਹ ਸੁਣਕੇ ਮੈਂ ਉਤ੍ਰ ਦਿੱਤਾ "ਇਹ ਖਜਾਨਾ ਪਾਤਸ਼ਾਹ ਦਾ ਹਕ ਹੈ ਤੇ ਉਸੇ ਨੂੰ ਹੀ ਮਿਲਨਾ ਚਾਹੀ ਦਾ ਹੈ, ਸਾਡਾ ਇਸ ਤੇ ਕੋਈ ਹਕ ਨਹੀਂ, ਸੋ ਤੁਹਾਨੂੰ ਪਾਤਸ਼ਾਹ ਪਾਸ ਪੁਚਾ ਦੇਣਾ ਚਾਹੀਦਾ ਹੈ"। ਇਹ ਸੁਣਕੇ ਉਹ ਸਾਰੇ ਖਜਾਨਾ ਉਥੇ ਹੀ ਛੱਡ ਕੇ ਚਲੇ ਗਏ ਤੇ ਮਗਰੋਂ ਮੈ ਆਪਣੀ ਵਹੁਟੀ ਨੂੰ ਨਾਲ ਲਾਕੇ ਕਈ ਦਿਨ ਤੇ ਰਾਤ ਉਸਨੂੰ ਢੋ ਕੇ ਫਲਾਣੇ ਪਹਾੜ ਦੀ ਕੰਦਰਾ ਵਿਚ ਸੰਭਾਲ ਕੇ ਜਮਾਂ ਕਰ ਦਿੱਤਾ ਹੋਇਆ ਹੈ। ਹੋਰ ਦੋ ਮਹੀਨੇ ਲਾਕੇ ਮੈਂ ਸਾਰਾ ਖਜਾਨਾ ਗਿਣ ਗੱਟ ਕੇ ਸਰਕਾਰ ਦੀ ਭੇਟਾ ਕਰ ਦੇਣਾ ਸੀ"। ਇਹ ਸਾਰੀ ਕਹਾਣੀ ਨਿਰੀ ਘਾੜਤ ਘੜੀ ਹੋਈ ਤੇ ਨਿਰਾ ਲੂਣ ਥਪਿਆ ਹੋਇਆ ਸੀ, ਪਰ ਇਸ ਨੂੰ ਸੁਣਕੇ ਸ਼ੇਰ ਉਸ ਦੇ ਧੋਖੇ ਵਿੱਚ ਆਗਿਆ ਤੇ ਆਖਣ ਲੱਗਾ ਮੇਰੇ

ਕੋਲੋਂ ਗਲਤੀ ਹੋਈ ਹੈ ਤੈਨੂੰ ਮੈਂ ਹੁਣ ਛਡਦਾ ਹਾਂ। ਦੂਜੇ ਪਾਸੇ ਸਾਰੇ ਜਨੌਰ ਕਰੋਧ ਨਾਲ ਭਰੇ ਹੋਏ ਚੁੱਪ ਚਾਪ ਪਾਤਸ਼ਾਹ ਵੱਲ ਵੇਖ ਰਹੇ ਸੀ ਕਿ ਕੀ ਕਰਦਾ ਹੈ। ਪਾਤਸ਼ਾਹ ਖਲੋ ਕੇ ਆਖਣ ਲੱਗਾ "ਲੂੰਬੜ ਬਰੀ ਕੀਤਾ ਜਾਂਦਾ ਹੈ ਤੇ ਇਸ ਨੂੰ ਇਸ ਦਾ ਹੱਕ ਦਿਤਾ ਜਾਂਦਾ ਹੈ। ਸਾਰੇ ਐਹਲਕਾਰਾਂ ਵਿਚੋਂ ਇੱਕ ਇਹੋ ਹੀ ਮੇਰਾ ਇਤਬਾਰੀ ਹੈ, ਮੈਂ ਹੁਣ ਏਸ ਦੇ ਵਿਰੁਧ ਕੋਈ ਗਲ ਸੁਣਨ ਲਈ ਤਿਆਰ ਨਹੀਂ ਹਾਂ ਤੇ ਜੇ ਕਦੀ ਮੁੜ ਕਿਸੇ ਨੇ ਏਸਦੀ ਚੁਗਲੀ ਖਾਧੀ ਤਾਂ ਉਸ ਦੀ ਮੈਂ ਬੁਰੀ ਬਾਬ ਕਰਾਂਗਾ"। ਇਹ ਸੁਣਕੇ ਲੂੰਬੜ ਬੜੀ ਆਕੜ ਨਾਲ ਇਧਰ ਉਧਰ ਵੇਖਣ ਲੱਗਾ ਤੇ ਜਿਸ ਵੇਲੇ ਪਾਤਸ਼ਾਹ ਘਰ ਰੋਟੀ ਖਾਣ ਗਿਆ ਉਸ ਨੂੰ ਵੀ ਨਾਲ ਲੈ ਗਿਆ।

ਪਾਤਸ਼ਾਹ ਦੀ ਮਹਿਲੀਂ ਪੁੱਜ ਕੇ ਉਹ ਬੜਾ ਖੁਸ਼ ਹੋਇਆ ਤੇ ਆਖਣ ਲੱਗਾ "ਜੀ ਸਰਕਾਰ ਤੁਸੀਂ ਹੁਣ ਗੱਡਾਂ ਘੱਲ ਕੇ ਓਹ ਖਜਾਨਾ ਮੰਗਾ ਲਓ ਕਿਉਂ ਜੋ ਹੁਣ ਸਾਰਿਆਂ ਨੂੰ ਉਸ ਦਾ ਪਤਾ ਹੋ ਗਿਆ ਹੈ, ਮੈਂ ਤੁਹਾਨੂੰ

ਪੂਰਾ ੨ ਪਤਾ ਬਹੁ ਦੱਸ ਦੇਂਦਾ ਹਾਂ। ਤੁਸੀ ਸ਼ਹਿਰੋਂ ਨਿਕਲ ਕੇ ਚੜ੍ਹਦੇ ਵਲ ਨੂੰ ਕੋਈ ੧੦ ਕੋਹ ਤੁਰੀ ਜਾਓ ਤੇ ਅੱਗੇ ਜਾਕੇ ਸੱਜੇ ਹੱਥ ਇੱਕ ਸੜਕ ਨਿਖੜਦੀ ਹੈ ਉਸ ਪਾਸੇ ਚਾਰ ਕੁ ਕੋਹ ਜਾਕੇ ਲੂਰਪੁਰ ਪਿੰਡ ਹੈ। ਉਸ ਦੇ ਕੋਲ ਇੱਕ ਨਾਲਾ ਹੈ, ਨਾਲੇ ਨੂੰ ਟੱਪਕੇ ਸਾਹਮਣੇਂ ਪਹਾੜੀਆਂ ਹਨ ਜਿਨ੍ਹਾਂ ਵਿੱਚ ਅੰਦਰ ਵੜ ਕੇ ਸੱਜੇ ਪਾਸੇ ਵਲ ਇੱਕ ਗੁਫਾ ਹੈ। ਉਸਦੇ ਅੰਦਰ ਸਾਰਾ ਖਜਾਨਾ ਪਿਆ ਹੋਇਆ ਹੈ। ਸੋ ਤੁਸੀ ਭਾਵੇਂ ਆਪ ਜਾਓ ਤੇ ਭਾਵੇਂ ਕਿਸੇ ਅਤਬਾਰੀ ਨੂੰ ਘੱਲ ਕੇ ਮੰਗਾ ਲਓ"।

ਪਾਤਸ਼ਾਹ ਬੜਾ ਖੁਸ਼ ਹੋਇਆ ਤੇ ਆਖਣ ਲੱਗਾ ਇਹ ਪਿੰਡ ਤਾਂ ਮੈਂ ਕਦੀ ਸੁਣਿਆ ਵੀ ਨਹੀਂ ਪਰ ਮੈਨੂੰ ਸਾਰਿਆਂ ਪਿੰਡਾਂ ਦਾ ਪਤਾ ਕਿੱਥੋਂ ਹੋ ਸਕਦਾ ਹੈ। ਹੱਛਾ ਲਭ ਲਵਾਂਗੇ। ਸੋ ਉਸ ਨੇ ਹੁਕਮ ਦਿੱਤਾ ਕਿ "ਗੱਡਾਂ ਖਜਾਨਾ ਢੋਣ ਲਈ ਰਾਤੋ ਰਾਤ ਤਿਆਰ ਹੋ ਜਾਣ" ਤੇ ਨਾਲੇ ਦੂਜੇ ਪਾਸੇ ਲੂੰਬੜ ਨੂੰ ਆਖਣ ਲੱਗਾ "ਤੁਸੀਂ ਖੇਚਲ ਕਰਕੇ ਵੱਡੇ ਵੇਲੇ ਗੱਡਾਂ ਦੇ ਨਾਲ ਲਗੇ ਜਾਣਾਂ ਤਾਂ ਜੋ ਤਕਲੀਫ ਨਾ ਹੋਵੇ, ਤੁਹਾਨੂੰ ਤਾਂ ਸਭ ਪਤਾ ਹੈ ਹੀ।

ਇਹ ਸੁਣਕੇ ਲੂੰਬੜ ਆਖਣ ਲੱਗਾ "ਜੀ ਸਰਕਾਰ ਮੈਨੂੰ ਮਾਫੀ ਦੇਵੋ; ਸਰਕਾਰ ਨੂੰ ਪਤਾ ਹੀ ਹੈ ਕਿ ਮੈਂ ਹੁਣੇ ਹੀ ਮੌਤ ਦੇ ਮੂੰਹੋਂ ਨਿਕਲਿਆ ਹਾਂ ਤੇ ਅਜੇ ਤੀਕ ਮੈਨੂੰ ਹੋਸ਼ ਨਹੀਂ ਆਈ। ਏਸ ਨਾਲ ਮੇਰੇ ਦਿਲ ਤੇ ਬੜੀ ਸੱਟ ਲੱਗੀ ਹੈ। ਜੇ ਤੁਸੀ ਆਗਿਆ ਦੇਵੋ ਤਾਂ ਮੈਂ ਹੁਣੇ ਹੀ ਆਪਣੇ ਘਰ ਜਾਕੇ ਹਕੀਮ ਪਾਸੋਂ ਦਵਾਈ ਦਰਮਲ ਕਰਾਵਾਂ। ਕੁਝ ਦਿਨਾਂ ਤੀਕ ਤਕੜਾ ਹੋਕੇ ਤੁਹਾਡੀ ਸੇਵਾ ਵਿੱਚ ਮੁੜ ਹਾਜਰ ਹੋ ਜਾਵਾਂਗਾ" ॥

ਕਪਟੀ ਲੂੰਬੜ ਵਿੱਚੋਂ ਤਾਂ ਚੰਗੀ ਤਰ੍ਹਾਂ ਜਾਣਦਾ ਹੀ ਸੀ ਕਿ ਮੈਂ ਕੀ ਫੰਦ ਖੇਡਿਆ ਹੋਇਆ ਹੈ ਤੇ ਜਿਸ ਵੇਲੇ ਪਾਤਸ਼ਾਹ ਨੂੰ ਪਤਾ ਲੱਗਾ ਉਸਨੇ ਮੈਨੂੰ ਫਾਹੇ ਲਵਾ ਦੇਣਾ ਹੈ, ਏਸ ਲਈ ਉਸ ਨੇ ਨੱਸਣ ਦੀ ਕੀਤੀ, ਤਾਂ ਜੋ ਮੁੜ ਮੈਂ ਏਸ ਦੇ ਹੱਥ ਨਾ ਆ ਜਾਵਾਂ। ਤੁਰਦੀ ਵਾਰੀ ਉਸ ਸੋਚਿਆ, ਚਲੋ ਜੀ ਰਿੱਛ ਤੇ ਬਘਿਆੜ ਹੋਰਾਂ ਨੂੰ ਤਾਂ ਮਿਲ ਚੱਲੀਏ । ਇਹ ਵਿਚਾਰ ਕੇ ਓਹ ਉਨ੍ਹਾਂ ਦੇ ਘਰ ਗਿਆ। ਅੱਗੇ ਕੀ ਵੇਖਦਾ ਹੈ ਕਿ ਓਹ ਤਾਂ ਘੂਕ ਸੁੱਤੇ ਪਏ ਹਨ। ਉਨ੍ਹਾਂ ਨੂੰ ਸੁੱਤਿਆਂ ਵੇਖ ਕੇ ਓਹ ਸੋਚਣ ਲੱਗਾ—ਯਾਰ ਮੈਨੂੰ ਵੀ ਇੱਕ ਥੈਲ਼ੀ ਤੇ ਇੱਕ ਜੁੱਤੀ ਦੀ

ਲੋੜ ਹੈ ਸੋ ਏਥੋਂ ਹੀ ਉਡਾ ਲਈਏ। ਇਹ ਆਖ ਕੇ ਉਸ ਨੇ ਰਿੱਛ ਦੀ ਕੰਡ ਤੋਂ ਵਾਲ ਕੁਤਰ ਕੇ ਇੱਕ ਥੈਲੀ ਬਣਾ ਲਈ ਤੇ ਬਘਿਆੜ ਦੀਆਂ ਜੁੱਤੀਆਂ ਪੈਰੀਂ ਪਾਕੇ ਖਿਸਕਦਾ ਹੋਇਆ। ਜਦ ਓਹ ਜਾਗੇ ਤਾਂ ਬੜੇ ਹਰਾਨ ਹੋਏ ਤੇ ਉਸ ਦੇ ਪਿੱਛੇ ਨੱਸੇ ਪਰ ਓਹ ਹੱਥ ਨਾ ਆਇਆ। ਉਥੋਂ ਨਿਕਲ ਕੇ ਲੂੰਬੜ ਆਪਣੇ ਸਾਰੇ ਯਾਰਾਂ ਦੋਸਤਾਂ ਨੂੰ ਮਿਲ ਕੇ ਆਖਣ ਲੱਗਾ "ਲਓ ਜੀ ਹੁਣ ਮੈਂ ਪਿੰਡ ਨੂੰ ਦਵਾਈ ਦਰਮਲ ਲਈ ਜਾਂਦਾ ਹਾਂ"। ਜਦ ਓਹ ਤੁਰ ਗਿਆ ਤਾਂ ਸਾਰੇ ਆਖਣ ਲੱਗੇ, "ਯਾਰ ਸਾਨੂੰ ਤਾਂ ਭੁਲੇਖਾ ਹੀ ਲੱਗਾ ਰਿਹਾ ਇਹ ਵਿਚਾਰਾ ਕੋਈ ਐਡਾ ਮਾੜਾ ਤਾਂ ਨਹੀਂ, ਅਸੀਂ ਤਾਂ ਏਸ ਦੇ ਐਵੇਂ ਹੀ ਮਗਰ ਪੈ ਗਏ ਸੀ"। ਤੁਰਨ ਲੱਗਿਆਂ ਸਹੇ ਤੇ ਛੱਤਰੇ ਨੂੰ ਸੱਦ ਕੇ ਆਖਣ ਲੱਗਾ, "ਯਾਰ ਤੁਸੀਂ ਮੇਰੇ ਨਾਲ ਮੇਰੇ ਘਰ ਤੀਕ ਚੱਲੋ ਮੈਂ ਇੱਕ ਬੜੀ ਜ਼ਰੂਰੀ ਚਿੱਠੀ ਪਾਤਸ਼ਾਹ ਨੂੰ ਲਿਖ ਕੇ ਘੱਲਣੀ ਹੈ ਓਹ ਤੁਸੀ ਲੈ ਕੇ ਮੁੜ ਆਉਣਾ"॥

ਉਸ ਦੇ ਘਰ ਪੁੱਜਕੇ ਛੱਤਰਾ ਆਖਣ ਲੱਗਾ, "ਮੈਂ ਦਿਨੇ ੨ ਪਰਤ ਕੇ ਜਾਣਾ ਹੈ ਤੁਸੀਂ ਕਿਰਪਾ ਕਰਕੇ

ਛੇਤੀ ਅੰਦਰ ਜਾਓ ਤੇ ਚਿੱਠੀ ਲੈਕੇ ਆਓ, ਮੈਂ ਤੁਹਾਡੇ ਮੁੜਦਿਆਂ ਤੀਕ ਬਾਹਰ ਚੁਗਦਾ ਹਾਂ"। ਛੱਤਰੇ ਨੂੰ ਬਾਹਰ ਬਹਾਕੇ ਸਹੇ ਨੂੰ ਅੰਦਰ ਲੈ ਗਿਆ ਤੇ ਕੁਝ ਚਿਰ ਮਗਰੋਂ ਥੈਲਾ ਲੈਕੇ ਕੱਲਾ ਹੀ ਬਾਹਰ ਆ ਗਿਆ ਤੇ ਆਖਣ ਲੱਗਾ 'ਵੇਖ ਏਸ ਥੈਲੇ ਵਿੱਚ ਚਿੱਠੀ ਹੈ ਤੇ ਉੱਪਰ ਮੈਂ ਮੋਹਰ ਲਾ ਦਿੱਤੀ ਹੈ। ਖਿਆਲ ਨਾਲ ਲੈ ਜਾਈਂ ਕਿਧਰੇ ਮੋਹਰ ਰਾਹ ਵਿੱਚ ਨਾਂ ਟੁੱਟ ਜਾਏ। ਪਾਤਸ਼ਾਹ ਦੇ ਹੱਥ ਜਾ ਦੇਈਂ ਓਹ ਆਪ ਮੋਹਰ ਤੋੜਕੇ ਚਿੱਠੀ ਕਢ ਲਏਗਾ, ਇਹ ਚਿੱਠੀ ਬੜੀ ਜ਼ਰੂਰੀ ਹੈ ਖਬਰਦਾਰੀ ਰੱਖੀਂ'। ਥੈਲਾ ਲੈਕੇ ਛੱਤਰਾ ਆਖਣ ਲੱਗਾ ਸਹੇ ਨੂੰ ਸ਼ਤਾਬੀ ਘਲੋ ਜੋ ਅਸੀਂ ਛੇਤੀ ਚੱਲੀਏ ਉੱਤੋਂ ਦਿਨ ਡੁੱਬੀ ਜਾਂਦਾ ਹੈ"। ਲੂੰਬੜ ਆਖਣ ਲੱਗਾ "ਤੁਸੀਂ ਜਾਓ ਸਹੇ ਨੇ ਅੱਜ ਨਹੀਂ ਆਉਣਾ ਓਹ ਮੇਰੇ ਪੁਤ੍ਰ ਦਾ ਯਾਰ ਹੈ ਤੇ ਓਹ ਦੋਵੇਂ ਗੱਲੀਂ ਲੱਗੇ ਹੋਏ ਹਨ, ਓਹ ਅੱਜ ਰਾਤ ਏਥੇ ਹੀ ਰਹੇਗਾ ਤੇ ਕਲ ਤੈਨੂੰ ਦਰਬਾਰ ਵਿੱਚ ਹੀ ਆ ਮਿਲੇਗਾ"। ਇਹ ਸੁਣ ਕੇ ਛੱਤਰਾ ਚਿੱਠੀ ਲੈਕੇ ਤੁਰਦਾ ਹੋਇਆ ਤੇ ਤੁਰਦੇ ੨ ਨੂੰ ਉਸ ਨੇ ਫੇਰ ਚਿੱਠੀ ਦੀ ਪਕਿਆਈ ਕੀਤੀ॥

ਭਾਗ ੬

ਦੂਜੇ ਦਿਨ ਜਦ ਛੱਤਰਾ ਪਾਤਸ਼ਾਹ ਦੇ ਦਰਬਾਰ ਵਿੱਚ ਪੁੱਜਾ ਤਾਂ ਕੀ ਵੇਖਦਾ ਹੈ ਕਿ ਪਾਤਸ਼ਾਹ ਗੁੱਸੇ ਨਾਲ ਲਾਲ ਪੀਲਾ ਹੋਇਆ ੨ ਗੱਜ ਰਿਹਾ ਹੈ ਤੇ ਆਪਣੇ ਆਪ ਨੂੰ ਆਪਣੇ ਕੀਤੇ ਤੇ ਪਸ਼ਚਾਤਾਪ ਕਰਕੇ ਲਾਨਤਾਂ ਪਾ ਰਿਹਾ ਹੈ ਤੇ ਆਖਦਾ ਹੈ ਕਿ "ਵੇਖੋ ਜੀ ਮੇਰੀ ਉਸ ਕਪਟੀ ਨੇ ਕਿਸ ਤਰ੍ਹਾਂ ਦੀਆਂ ਲਪੇਟਵੀਆਂ ਗੱਲਾਂ ਕਰ ੨ ਕੇ ਮੱਤ ਮਾਰ ਲਈ ਤੇ ਮੈਂ ਵੀ ਉਸਦੇ ਫੰਦੇ ਵਿੱਚ ਫਸ ਗਿਆ; ਉਸ ਬਦਮਾਸ਼ ਨੂੰ ਤਾਂ ਜ਼ਰੂਰ ਹੀ ਫਾਹੇ ਲਾਣਾ ਚਾਹੀਦਾ ਸੀ"। ਛੱਤਰੇ ਨੇ ਪੁੱਜ ਕੇ ਥੈਲੀ ਪਾਤਸ਼ਾਹ ਦੇ ਹੱਥ ਫੜਾਈ ਤੇ ਜਦ ਮੋਹਰ ਤੋੜ ਕੇ ਖੋਲ੍ਹੀ ਤਾਂ ਵਿੱਚੋਂ ਗਰੀਬ ਸਹੇ ਦਾ ਸਿਰ ਨਿਕਲਿਆ। ਪਾਤਸ਼ਾਹ ਹੋਰ ਵੀ ਕਰੋਧ ਵਿੱਚ ਆਇਆ। ਇਹ ਵੇਖਕੇ ਸਾਰੇ ਜਨੌਰ ਤ੍ਰਾਹ ੨ ਕਰ ਉੱਠੇ ਤੇ ਆਖਣ ਲੱਗੇ "ਜੀ ਸਰਕਾਰ ਨੂੰ ਨਿਆਉਂ ਕਰਨਾ ਚਾਹੀਦਾ ਹੈ, ਇਹ ਦਿਨ ਦਿਹਾੜੇ ਹਨੇਰ ਗਰਦੀ ਪੈ ਗਈ ਹੈ, ਇਸਦਾ ਜ਼ਰੂਰ ਉਪਰਾਲਾ ਕਰੋ"॥

ਪਾਤਸ਼ਾਹ ਨੇ ਆਪਣੇ ਵਜ਼ੀਰਾਂ ਨਾਲ ਸਲਾਹ ਕਰਕੇ ਰਿੱਛ ਤੇ ਬਘਿਆੜ ਨੂੰ ਸੱਦ ਕੇ ਛੱਤਰੇ ਨੂੰ ਉਨ੍ਹਾਂ ਦੇ ਹਵਾਲੇ ਕਰਕੇ ਤਹਕੀਕਾਤ ਕਰਨ ਦਾ ਹੁਕਮ ਦਿੱਤਾ। ਲੂੰਬੜ ਤੇ ਉਸ ਦਾ ਸਾਰਾ ਟੱਬਰ ਬਾਗੀ ਬਣਾਏ ਗਏ ਤੇ ਹੁਕਮ ਹੋਇਆ ਕਿ ਉਨ੍ਹਾਂ ਦੇ ਕਿਲੇ ਤੇ ਝੱਟ ਪੱਟ ਹੱਲਾ ਬੋਲਿਆ ਜਾਏ। ਇਹ ਸੁਣ ਕੇ ਲੂੰਬੜ ਦਾ ਮਾਮਾਂ ਅੱਖ ਬਚਾਕੇ ਖਿਸਕ ਗਿਆ ਤੇ ਭੱਜ ਕੇ ਜਾ ਉਸ ਨੂੰ ਸਾਰਾ ਹਾਲ ਸੁਣਾਇਆ। ਲੂੰਬੜ ਸੁਣਕੇ ਆਖਣ ਲੱਗਾ ਕਿ "ਹੁਣ ਤਾਂ ਬਚਣ ਦਾ ਇੱਕੋ ਹੀ ਢੰਗ ਹੈ ਕਿ ਮੈਂ ਆਪ ਪਾਤਸ਼ਾਹ ਕੋਲ ਜਾਕੇ ਸਾਰੀ ਵਾਰਤਾ ਸੁਣਾ ਦਿਆਂ"। ਇਹ ਆਖਕੇ ਓਹ ਮਾਮੇਂ ਦੇ ਨਾਲ ਤੁਰ ਪਿਆ ਤੇ ਰਾਹ ਤੁਰਦਿਆਂ ਉਸ ਪਾਸੋਂ ਬਿੱਜੂ ਪੁੱਛਣ ਲੱਗਾ "ਦਸ ਖਾਂ ਬੱਚਾ ਤੂੰ ਇਹ ਕੀ ਕਰਮ ਕੀਤਾ"? ਲੂੰਬੜ ਬੋਲਿਆ "ਮਾਮਾਂ ਜੀ ਮੈਂ ਜ਼ਰੂਰ ਦੋਸ਼ੀ ਹਾਂ, ਮੈਂ ਰਿੱਛ ਤੇ ਬਘਿਆੜ ਦੀ ਥੈਲੀ ਤੇ ਜੁੱਤੀਆਂ ਜ਼ਰੂਰ ਚੁਰਾਈਆਂ ਹਨ, ਦੋ ਕੁ ਦਿਨ ਹੋਏ ਇੱਕ ਕੁਕੜੀ ਵੀ ਜ਼ਰੂਰ ਮਾਰੀ ਸੀ ਤੇ ਇੱਕ ਕਬੂਤਰ ਨੂੰ ਵੀ ਚੱਕ ਚੁੱਕ ਮਾਰੇ ਸੀ। ਜੇ ਤੁਸੀ ਸਹੇ ਦਾ ਪੁੱਛੋ ਤਾਂ ਇਹ ਸਾਰਾ ਉਸਦਾ ਆਪਣਾ

ਦੋਸ਼ ਹੈ। ਓਹ ਕਦੀ ਏਧਰ ਕਦੀ ਓਧਰ ਮੇਰੇ ਸਾਹ-ਮਣੇ ਟੱਪਦਾ ਫਿਰਦਾ ਸੀ, ਮੈਂ ਕਿੰਨੀ ਵਾਰੀ ਆਪਣੇ ਮਨ ਨੂੰ ਸਮਝਾਇਆ ਤੇ ਹੋੜਿਆ ਪਰ ਓਹ ਟੱਪਦਾ ਫਿਰੇ। ਅੰਤ ਨੂੰ ਮੇਰੇ ਤੋਂ ਨ ਰਿਹਾ ਗਿਆ ਤੇ ਮੈਂ ਉਸਨੂੰ ਫੜਕੇ ਮਾਰ ਸੁੱਟਿਆ ਤੇ ਏਸ ਅਪ੍ਰਾਧ ਲਈ ਮੈਂ ਆਪ ਪਛਤਾਉਂਦਾ ਹਾਂ। ਹੱਛਾ ਜੋ ਹੋਇਆ ਸੋ ਹੋਇਆ, ਗੰਗਾ ਗਈਆਂ ਹੱਡੀਆਂ ਵੀ ਕਦੀ ਪਰਤੀਆਂ ਹਨ"। ਬਿੱਜੂ ਇਹ ਗੱਲਾਂ ਸੁਣ ਕੇ ਹਰਾਨ ਪਿਆ ਹੁੰਦਾ ਸੀ ਪਰ ਚੁੱਪ ਕਰ ਰਿਹਾ ਤੇ ਜੋ ਕੁਝ ਲੂੰਬੜ ਆਖੀ ਗਿਆ ਸੁਣਦਾ ਰਿਹਾ॥

ਲੂੰਬੜ ਆਖਣ ਲੱਗਾ "ਮਾਮਾਂ ਜੀ ਮੈਂ ਕੋਈ ਸੰਤ ਤਾਂ ਹੈ ਹੀ ਨਹੀਂ, ਮੈਂ ਆਪਣੇ ਪਾਪਾਂ ਨੂੰ ਆਪ ਜਾਣਦਾ ਹਾਂ। ਇੱਕ ਵਾਰੀ ਦੀ ਗੱਲ ਹੈ ਕਿ ਜਦ ਮੈਂ ਤੇ ਬਘਿਆੜ ਇਕੱਠੇ ਹੁੰਦੇ ਸੀ ਤਾਂ ਇੱਕ ਦਿਨ ਜੰਗਲ ਵਿੱਚ ਇੱਕ ਘੋੜੀ ਆਪਣੇ ਵਛੇਰੇ ਸਮੇਤ ਚੁਗਦੀ ਫਿਰਦੀ ਸੀ। ਓਹ ਮੈਨੂੰ ਆਖਣ ਲੱਗਾ 'ਯਾਰ ਜਰਾ ਏਸ ਤੋਂ ਪੁੱਛ ਤਾਂ ਸਹੀ, ਏਸ ਨੇ ਵਛੇਰੇ ਦਾ ਕੀ ਮੁੱਲ ਲੈਣਾ ਹੈ'? ਮੈਂ ਜਾਕੇ

ਪੁੱਛਿਆ ਤਾਂ ਓਹ ਆਖਣ ਲੱਗੀ 'ਵਛੇਰੇ ਦਾ ਮੁੱਲ ਮੇਰੇ ਪਿਛਲੇ ਖੁਰਾਂ ਤੇ ਲਿਖਿਆ ਹੋਇਆ ਹੈ, ਵੇਖ ਲਓ'। ਜਦ ਬਘਿਆੜ ਵੇਖਣ ਗਿਆ ਤਾਂ ਘੋੜੀ ਨੇ ਉਸਦੇ ਮੱਥੇ ਵਿੱਚ ਦੁਲੱਤਾ ਮਾਰਿਆ ਤੇ ਉਸ ਦੀ ਖੁਰੀ ਦਾ ਨਸ਼ਾਨ ਉਸਦੇ ਮੱਥੇ ਤੇ ਪੈ ਗਿਆ। ਏਸਤਰ੍ਹਾਂ ਗੱਲਾਂ ਕਰਦੇ ੨ ਓਹ ਦਰਬਾਰ ਵਿੱਚ ਅਪੜੇ ਤਾਂ ਲੂੰਬੜ ਪਾਤਸ਼ਾਹ ਨੂੰ ਵੇਖਕੇ ਡਾਢਾ ਡਰਿਆ। ਮਨ ਵਿੱਚ ਆਖਣ ਲੱਗਾ ਕਿ "ਅੱਗੇ ਤਾਂ ਧੋਖਾ ਦੇਕੇ ਜਾਨ ਬਚਾਈ ਸੀ, ਮਨਾ ਹੁਣ ਤਾਂ ਸੁੱਖ ਨਜ਼ਰੀ ਨਹੀਂ ਆਉਂਦੀ। ਹੱਛਾ ਹੁਣ ਵੀ ਕੋਈ ਫੰਦ ਲਾਂਦੇ ਹਾਂ ਜੇ ਲੱਗਾ ਤਾਂ ਤੀਰ ਨਹੀਂ ਤਾਂ ਤੁੱਕਾ ਹੀ ਸਹੀ"। ਇਹ ਸੋਚਕੇ ਉਸ ਨੇ ਆਂਉਦੇ ਸਾਰ ਪਾਤਸ਼ਾਹ ਨੂੰ ਮੱਥਾ ਟੇਕਕੇ ਬੋਲਣਾ ਸ਼ੁਰੂ ਕਰ ਦਿੱਤਾ ਤੇ ਹਰ ਇੱਕ ਗੱਲ ਦਾ ਉੱਤਰ ਅਜੇਹੀ ਚਲਾਕੀ ਤੇ ਮੱਕਾਰੀ ਨਾਲ ਦਿੱਤਾ ਕਿ ਪਾਤਸ਼ਾਹ ਸੁਣਕੇ ਚੁੱਪ ਹੋ ਗਿਆ ਤੇ ਬਾਕੀ ਦੇ ਸਾਰੇ ਲੋਕਾਂ ਦੇ ਵੀ ਤੌਰ ਭੌਰ ਭੁੱਲ ਗਏ। ਜਦ ਪਾਤਸ਼ਾਹ ਨੇ ਸਾਰਿਆਂ ਦਾ ਇਹ ਹਾਲ ਵੇਖਿਆ ਤਾਂ ਆਖਣ ਲੱਗਾ "ਆਓ ਜੋ ੨ ਕਿਸੇ ਨੂੰ ਏਸ ਦੇ ਵਿਰੁੱਧ ਸ਼ਕਾਇਤ ਹੈ ਦੱਸੀ ਜਾਓ"

ਪਰ ਕਿਸੇ ਨੂੰ ਵੀ ਗੱਲ ਕਰਨ ਦਾ ਹੀਆ ਨਾ ਪਿਆ। ਇਹ ਵੇਖਕੇ ਲੂੰਬੜ ਦੀ ਚੜ੍ਹ ਮਚੀ ਤੇ ਆਖਣ ਲੱਗਾ "ਸਰਕਾਰ ਇਨ੍ਹਾਂ ਨੇ ਤਾਂ ਮੇਰੀ ਕੰਡ ਪਿੱਛੇ ਮੇਰੀਆਂ ਚੁਗਲੀਆਂ ਮਾਰਣ ਦਾ ਠੇਕਾ ਲੈ ਲਿਆ ਹੈ ਤੇ ਜਦ ਮੈਂ ਆਕੇ ਇਨ੍ਹਾਂ ਨੂੰ ਓਹ ਗੱਲਾਂ ਸਾਬਤ ਕਰਨ ਲਈ ਵੰਗਾਰਦਾ ਹਾਂ ਤਾਂ ਇਨ੍ਹਾਂ ਨੂੰ ਦੰਦਣ ਪੈ ਜਾਂਦੀ ਹੈ ਤੇ ਸੁੱਸਰੀ ਵਾਂਗ ਸੌਂ ਜਾਂਦੇ ਹਨ। ਸਹੇ ਤੇ ਛੱਤਰੇ ਨੂੰ ਤਾਂ ਮੈਂ ਆਪਣੀ ਅੱਖੀਂ ਸੜਕੋ ਸੜਕ ਤੁਰੀ ਜਾਂਦਿਆਂ ਵੇਖਿਆ ਸੀ ਤੇ ਮੈਨੂੰ ਪੂਰਾ ੨ ਯਕੀਨ ਹੈ ਕਿ ਏਸ ਨੇ ਹੀ ਸਹੇ ਨੂੰ ਮਾਰ ਛੱਡਿਆ ਹੈ, ਤੁਸੀਂ ਏਸ ਦੀ ਭੋਲੀ ਭਾਲੀ ਮੇਮੋਠਗਣੀ ਸੂਰਤ ਤੇ ਨਾਂ ਭੁੱਲਣਾ, ਤੁਸੀਂ ਜਰਾ ਵੇਖੋ ਤਾਂ ਸਹੀ ਏਸ ਤੋਂ ਸਾਫ ਪਤਾ ਲੱਗਦਾ ਹੈ ਕਿ ਏਹੋ ਹੀ ਅਪ੍ਰਾਧੀ ਹੈ"। ਓਹ ਮੁੜ ੨ ਕੇ ਛਤਰੇ ਵੱਲ ਸੈਨਤਾਂ ਕਰਦਾ ਤੇ ਆਖਦਾ ਸੀ, ਜਰਾ ਸਰਕਾਰ ਵੇਖਣਾ ਤਾਂ ਸਹੀ ਏਸ ਵੱਲ, ਜਿਉਂ ੨ ਓਹ ਉਸ ਵੱਲ ਵੇਖਦਾ ਓਹ ਡਰ ਨਾਲ ਕੰਬਦਾ ਤੇ ਮਨ ਵਿੱਚ ਆਖਦਾ ਸੀ ਕਿ ਇਹ ਕੀ ਭਾਣਾ ਵਰਤਣ ਲੱਗਾ ਹੈ। ਇਹ ਵੇਖ ਕੇ ਪਾਤਸ਼ਾਹ ਨੇ ਉਸ ਨੂੰ ਫੇਰ ਬਰੀ ਕਰ ਦਿੱਤਾ

ਤੇ ਆਖਿਆ ਕਿ "ਇਹ ਬੇਦੋਸ਼ਾ ਹੈ ਤੇ ਬਾਕੀ ਸਭ ਝੂਠੇ ਹਨ। ਇਹ ਸੁਣਕੇ ਬਘਿਆੜ ਨੂੰ ਬੜਾ ਕਰੋਧ ਆਇਆ ਤੇ ਓਹ ਇਹ ਗੱਲ ਨਾ ਸਹਾਰ ਸਕਿਆ। ਓਸ ਆਪਣੀ ਜੁੱਤੀ ਵਗਾਹ ਕੇ ਲੂੰਬੜ ਦੇ ਮੂੰਹ ਤੇ ਮਾਰੀ ਤੇ ਉਸ ਨੂੰ ਵੰਗਾਰ ਕੇ ਆਖਣ ਲੱਗਾ "ਜੇ ਮਰਦ ਹੈਂ ਤਾਂ ਮੇਰੇ ਨਾਲ ਭਿੜ ਲੈ"। ਲੂੰਬੜ ਨੇ ਇਹ ਗੱਲ ਮੰਨ ਲਈ ਤੇ ਦੋਹਾਂ ਦੇ ਭੇੜ ਲਈ ਇੱਕ ਦਿਹਾੜਾ ਮੁਕੱਰਰ ਕਰਕੇ ਪਾਤਸ਼ਾਹ ਆਖਣ ਲੱਗਾ ਕਿ "ਹੁਣ ਪਤਾ ਵੀ ਲੱਗ ਜਾਏਗਾ ਕਿ ਕਿਸ ਧੜੇ ਦਾ ਦੋਸ਼ ਹੈ" ॥

ਕਾਂਡ ੭

ਉਥੋਂ ਤੁਰ ਕੇ ਲੂੰਬੜ ਆਪਣੇ ਯਾਰ ਬਾਂਦਰ ਕੋਲ ਸਲਾਹ ਲੈਣ ਲਈ ਪੁੱਜਾ। ਬਾਂਦਰ ਨੇ ਉਸ ਦਾ ਸਤ-ਕਾਰ ਕਰਕੇ ਪੁਛਿਆ, "ਆਓ ਜੀ ਕਿਸ ਤਰ੍ਹਾਂ ਤੁਹਾਡੇ ਦਰਸ਼ਨ ਹੋਏ ਹਨ" ? ਇਹ ਸੁਣ ਕੇ ਉਸ ਨੇ ਬਘਿਆੜ ਨਾਲ ਭੇੜ ਦੀ ਕਥਾ ਸੁਣਾਈ। ਬਾਂਦਰ ਵੀ ਬੜਾ

ਸਿਆਣਾ ਸੀ ਉਸ ਨੇ ਆਖਿਆ "ਪਹਿਲਾਂ ਤਾਂ ਤੂੰ ਆਪਣੀ ਜੱਤ ਮੁਨਾ ਜੇ ਤੈਨੂੰ ਉਹ ਕਿਧਰੋਂ ਫੜ ਨਾ ਸਕੇ"। ਇਹ ਸੁਣ ਕੇ ਲੂੰਬੜ ਆਖਣ ਲੱਗਾ "ਚੰਗਾ ਜਿਸ ਤਰ੍ਹਾਂ ਤੁਸੀ ਆਖੋ ਉਸ ਤਰ੍ਹਾਂ ਕਰਦਾ ਹਾਂ"। ਬਾਂਦਰ ਛੇਤੀ ਨਾਲ ਜਾ ਕੇ ਇੱਕ ਨਾਈ ਨੂੰ ਸੱਦ ਲਿਆਇਆ ਤੇ ਉਸ ਪਾਸੋਂ ਸਿਰ ਤੋਂ ਪੂਛਲ ਤੀਕ ਲੂੰਬੜ ਦੀ ਸਾਰੀ ਹਜਾਮਤ ਕਰਾ ਦਿੱਤੀ। ਜਦ ਹਜਾਮਤ ਹੋ ਗਈ ਤਾਂ ਬਾਂਦਰ ਨੇ ਉਸ ਦੇ ਸਾਰੇ ਜੁੱਸੇ ਤੇ ਚੰਗੀ ਤਰ੍ਹਾਂ ਤੇਲ ਮਲ ਦਿੱਤਾ ਤੇ ਆਖਣ ਲਗਾ "ਤੇਰੀ ਪੂਛਲ ਤਾਂ ਬੜੀ ਖੌਹਰੀ ਹੈ, ਏਸ ਤੇ ਵੀ ਤੇਲ ਮਲ ਦੇਂਦਾ ਹਾਂ"। ਜਦ ਇਹ ਸਭ ਕੁਝ ਠੀਕ ਹੋ ਗਿਆ ਤਾਂ ਬਾਂਦਰ ਆਖਣ ਲੱਗਾ "ਤੂੰ ਆਪਣੀ ਪੂਛਲ ਮਿੱਟੀ ਨਾਲ ਲਬੇੜ ਲੈ ਤੇ ਜਿਸ ਵੇਲੇ ਲੜਨ ਜਾਵੇਂ, ਪੂਛਲ ਭਵਾ ਕੇ ਬਘਿਆੜ ਦੀਆਂ ਅੱਖਾਂ ਤੇ ਮਾਰੀਂ । ਜਿਸ ਵੇਲੇ ਮਿੱਟੀ ਉਸ ਦੀਆਂ ਅੱਖਾਂ ਵਿੱਚ ਪਏਗੀ ਉਸ ਨੂੰ ਪਤਾ ਨਹੀਂ ਲੱਗਣ ਲੱਗਾ ਕਿ ਮੈਂ ਹੁਣ ਕੀ ਕਰਾਂ"। ਇਹ ਸੁਣਕੇ ਲੂੰਬੜ ਬੜਾ ਹੱਸਿਆ ਤੇ ਸਿਰ ਹਿਲਾ ਕੇ ਆਖਣ ਲੱਗਾ "ਵਾਹ ਓਏ ਯਾਰ ਸਦਕੇ ਤੇਰੀ ਅਕਲ

ਤੋਂ ਤੇ ਤੇਰੀ ਜੰਮਣ ਵਾਲੀ ਤੋਂ। ਇਹ ਤਾਂ ਡਾਢੀ ਕਾਢ ਕੱਢੀ ਆ" ॥

ਜਦ ਭੇੜ ਦਾ ਵੇਲਾ ਆਇਆ ਤਾਂ ਦੋਵੇਂ ਜਣੇ ਪਿੜ ਵਿੱਚ ਆਏ। ਲੂੰਬੜ ਦੀ ਅਨੋਖੀ ਸ਼ਕਲ ਵੇਖ ਕੇ ਸਾਰੇ ਲੋਕ ਹੱਸ ਪਏ ਤੇ ਆਖਣ ਲੱਗੇ "ਵੇਖੋ ਜੀ ਇਸ ਦੀ ਚਤਰਾਈ ਤੇ ਚਲਾਕੀ, ਅੱਜ ਕੀ ਬਣ ਆਇਆ ਹੈ"। ਉਸਨੇ ਕਿਸੇ ਵਲ ਵੀ ਧਿਆਨ ਨਾਂ ਕੀਤਾ ਤੇ ਮਨ ਵਿੱਚ ਆਖਣ ਲੱਗਾ ਹੱਸੀ ਜਾਓ, ਮੇਰਾ ਕੀ ਵਿਗੜਦਾ ਹੈ।

ਬਘਿਆੜ ਛਾਲ ਮਾਰ ਕੇ ਲੂੰਬੜ ਵਲ ਆਇਆ ਪਰ ਉਹ ਦਾਉ ਬਚਾ ਗਿਆ ਤੇ ਭੌਂ ਕੇ ਆਪਣੀ ਪੂਛ ਮਿੱਟੀ ਨਾਲ ਲਬੇੜ ਕੇ ਉਸਦੀਆਂ ਅੱਖਾਂ ਤੇ ਮਾਰੀ। ਮਿੱਟੀ ਉਸ ਦੀਆਂ ਅੱਖਾਂ ਵਿੱਚ ਪੈ ਗਈ ਤੇ ਉਹ ਬੈਠ ਕੇ ਦੋਹਾਂ ਪੰਜਿਆ ਨਾਲ ਮਲਣ ਲੱਗਾ, ਜਿਉਂ ੨ ਮਲਦਾ ਤਿਉਂ ੨ ਉਹ ਅੰਨ੍ਹਾਂ ਹੁੰਦਾ ਜਾਂਦਾ ਸੀ। ਲੂੰਬੜ ਵੇਲਾ ਤਾੜਕੇ ਉਸ ਦੇ ਉਤੇ ਚੜ੍ਹ ਗਿਆ ਤੇ ਲੱਗਾ ਚੱਕ ਮਾਰਨ ਤੇ ਉਸ ਨੂੰ ਵਲੂੰਧਰਣ। ਬਘਿਆੜ ਨੂੰ ਵੀ ਬੜਾ ਗੁੱਸਾ ਆਇਆ ਤੇ ਅੰਤ ਨੂੰ ਉਹ ਹੇਠ ਉੱਤੇ ਹੋਣ

ਲਗੇ। ਬਘਿਆੜ ਨੂੰ ਕੁਝ ਨ ਦਿੱਸੇ ਤੇ ਲੂੰਬੜ ਉਸ ਨੂੰ ਫੜ ੨ ਚੱਕਾਂ ਨਾਲ ਖਾਈ ਜਾਏ ਤੇ ਭੁੜਕ ੨ ਕੇ ਉਸ ਨੇ ਐਨਾ ਘੱਟਾ ਉਡਾਇਆ ਕਿ ਲੋਕਾਂ ਨੂੰ ਕੁਝ ਨ ਦਿੱਸੇ। ਜਦ ਘੱਟਾ ਬਹੁਤ ਹੋ ਗਿਆ ਤਾਂ ਪਾਤਸ਼ਾਹ ਨੇ ਇੱਕ ਆਪਣਾ ਨੌਕਰ ਘੱਲ ਕੇ ਹੁਕਮ ਦਿੱਤਾ ਕਿ ਘੋਲ ਬੰਦ ਕੀਤਾ ਜਾਏ। ਬਘਿਆੜ ਵਿਚਾਰਾ ਲਹੂ ਲੁਹਾਣ ਹੋਇਆ ੨ ਬੇਸੁਧ ਪਿਆ ਸੀ ਤੇ ਉਸ ਦੀ ਇਹ ਦਸ਼ਾ ਵੇਖ ਕੇ ਪਾਤਸ਼ਾਹ ਨੇ ਆਖਿਆ ਲੂੰਬੜ ਨੇ ਢਾ ਲਿਆ ਹੈ ਤੇ ਹੁਣ ਇਹ ਵੀ ਪਤਾ ਲੱਗ ਗਿਆ ਹੈ ਕਿ ਬਘਿਆੜ ਝੂਠੀ ਮੂਠੀ ਉਸ ਦੀਆਂ ਸ਼ਕੈਤਾਂ ਕਰਦਾ ਰਿਹਾ ਹੈ। ਸੋ ਉਸ ਨੇ ਆਪਣੇ ਕੀਤੇ ਦਾ ਫਲ ਪਾ ਲਿਆ ਹੈ। ਹੁਣ ਤੁਹਾਨੂੰ ਆਪਸ ਵਿੱਚ ਵੈਰ ਵਰੋਧ ਨਹੀਂ ਰੱਖਣਾ ਚਾਹੀਦਾ॥

ਇਹ ਸੁਣ ਕੇ ਲੂੰਬੜ ਮੂੰਹ ਤੇ ਹੱਥ ਰੱਖ ਕੇ ਹਸਦਾ ੨ ਪਿੜੋਂ ਬਾਹਰ ਆ ਗਿਆ ਤੇ ਲੋਕੀ ਉਸ ਨੂੰ ਵੇਖ ਕੇ ਆਖਣ ਲੱਗੇ "ਲਓ ਭਾਈ ਇਹ ਤਾਂ ਬੜਾ ਭਲਾ ਮਾਣਸ ਹੈ, ਏਸ ਦੇ ਮਗਰ ਲੋਕੀ ਐਵੇਂ ਹੀ ਪਏ ਹੋਏ ਸਨ"। ਜਦ ਉਹ ਬਾਹਰ ਆਇਆ ਤਾਂ ਲੋਕੀ ਉਸ ਨੂੰ

ਵਾਹ ੨ ਕਰਨ ਤੇ ਤੌੜੀਆਂ ਮਾਰਣ ਲਗੇ ਤੇ ਸਾਰੇ ਉਸ ਨੂੰ ਨਾਲ ਲੈਕੇ ਪਾਤਸ਼ਾਹ ਦੀ ਮਹਿਲੀਂ ਗਏ ਤੇ ਆਖਣ ਲਗੇ ਸਰਕਾਰ ਏਸ ਨੂੰ ਤਕਮੇ ਮਿਲਨੇ ਚਾਹੀਦੇ ਹਨ।

ਲੂੰਬੜ ਤਾਂ ਤੁਰ ਗਿਆ ਤੇ ਬਘਿਆੜ ਵਿਚਾਰਾ ਲਹੂ ਲੁਹਾਣ ਹੋਇਆ ਓਥੇ ਹੀ ਬੇਸੁਧ ਪਿਆ ਰਿਹਾ। ਉਸ ਦੀ ਵਹੁਟੀ, ਮੁੰਡੇ ਕੁੜੀਆਂ ਤੇ ਯਾਰ ਦੋਸਤ ਰੋਂਦੇ ਕੁਰਲਾਂਦੇ ਆਏ ਤੇ ਉਸ ਨੂੰ ਮੰਜੀ ਤੇ ਪਾਕੇ ਘਰ ਲੈ ਗਏ ਤੇ ਡਾਕਟਰ ਨੂੰ ਸੱਦ ਲਿਆਏ। ਜਦ ਡਾਕਟਰ ਨੇ ਉਸ ਨੂੰ ਆ ਕੇ ਵੇਖਿਆ ਤਾਂ ਉਸ ਦਾ ਅੰਗ ੨ ਫੱਟਿਆ ਹੋਇਆ ਸੀ ਤੇ ਕੋਈ ੨੫ ਜਾਂ ੩੦ ਫੱਟ ਲਗੇ ਹੋਏ ਸਨ। ਡਾਕਟਰ ਨੇ ਉਸ ਦੇ ਜ਼ਖ਼ਮਾਂ ਤੇ ਮਲ੍ਹਮ ਪੱਟੀ ਕੀਤੀ ਤੇ ਜਦੋਂ ਬਘਿਆੜ ਨੂੰ ਹੋਸ਼ ਆਈ ਤਾਂ ਆਪਣਾ ਹਾਲ ਵੇਖਕੇ ਸ਼ਰਮ ਦਾ ਮਾਰਿਆ ਢਾਈਂ ਮਾਰ ੨ ਕੇ ਰੁੰਨਾ। ਉਸ ਦੀ ਵਹੁਟੀ ਆਖਣ ਲੱਗੀ "ਵੇਖੋ ਨਾ ਡਾਕਟਰ ਜੀ ਇਹ ਸੱਟਾਂ ਤਾਂ ਵਲ ਹੋ ਜਾਣਗੀਆਂ, ਇਨ੍ਹਾਂ ਦਾ ਤਾਂ ਕੋਈ ਡਰ ਨਹੀਂ ਹੁਣ ਤਾਂ ਸਾਨੂੰ ਸ਼ਰਮ ਖਾਈ ਜਾਂਦੀ ਹੈ ਕਿ ਏਸ ਦੇ ਸਾਰੇ ਯਾਰ ਦੋਸਤ ਏਸ

ਨੂੰ ਝੂਠਾ ਸਮਝਣ ਲਗ ਪਏ ਹਨ ਤੇ ਪਾਤਸ਼ਾਹ ਤੀਕਰ ਵੀ ਹੁਣ ਏਸ ਤੇ ਅਤਬਾਰ ਨਹੀਂ ਕਰਨਗੇ। ਅਸਾਨੂੰ ਪਾਤਸ਼ਾਹ ਦੀ ਸੇਵਾ ਕਰਦਿਆਂ ਦਸ ਵੀਹ ਵਰ੍ਹੇ ਲੰਘ ਗਏ ਹਨ ਤੇ ਅੱਜ ਤੀਕ ਕਦੀ ਵੀ ਸਾਡੀ ਬਦਨਾਮੀ ਨਹੀਂ ਸੀ ਹੋਈ। ਹੁਣ ਤੁਸੀ ਆਪ ਹੀ ਵੇਖੋ ਸਾਰੇ ਉਸੇ ਕਪਟੀ ਦੀ ਹੀ ਗਲ ਕਰਦੇ ਹਨ ਤੇ ਉਸੇ ਵਲ ਹੀ ਹੋ ਗਏ ਹਨ। ਸਾਨੂੰ ਤਾਂ ਹੁਣ ਇਹ ਗਲ ਮਾਰਦੀ ਹੈ, ਅਸੀਂ ਹੁਣ ਕਾਸੇ ਜੋਗੇ ਵੀ ਨਾ ਰਹੇ।

ਮੂਰਖ ਸ਼ੇਰ ਨੇ ਉਸ ਕਪਟੀ ਦੇ ਸਾਰੇ ਮੰਦ ਕਰਮਾਂ ਤੇ ਪੋਚਾ ਪਾ ਕੇ ਉਸ ਨੂੰ ਆਪਣਾ ਵੱਡਾ ਵਜੀਰ ਬਣਾ ਕੇ ਉਸ ਨੂੰ ਚਾਰ ਕੌਂਸਲ ਦਾ ਮਿੰਬਰ ਵੀ ਬਣਾ ਦਿੱਤਾ। ਬਾਦਸ਼ਾਹ ਦੀ ਵੇਖਾ ਵੇਖੀ ਸਾਰੇ ਲੋਕੀਂ ਲੂੰਬੜ ਦੇ ਹੀ ਗੁਣ ਗਾਉਣ ਲਗ ਪਏ ਤੇ ਉਹ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਪਿਆ ਤੇ ਬੜੀ ਆਕੜ ਤੇ ਹੰਕਾਰ ਨਾਲ ਰਹਿਣ ਲੱਗਾ।

ਇਹ ਕੋਈ ਅਚਰਜ ਗੱਲ ਨਹੀਂ ਇਹੋ ਜਹੇ ਕੰਮ ਕਈ ਵਾਰੀ ਹੋ ਜਾਂਦੇ ਹਨ। ਚਤਰ ਲੋਕ ਆਪਣੀ ਚਤਰਾਈ ਦੇ ਕਾਰਣ ਭੋਲੇ ਭਾਲੇ ਸਿੱਧੇ ਸਾਦੇ ਆਦਮੀਆਂ

DYAL SINGH LAHORE 17381

ਨੂੰ ਪਿੱਛੇ ਸੁੱਟਕੇ ਆਪ ਆਗੂ ਬਣ ਬੈਠਦੇ ਹਨ। ਵੇਖੋ ਲੂੰਬੜ ਬੜਾ ਬਦਮਾਸ਼, ਚਤੁਰ, ਮੱਕਾਰ, ਫਰੇਬੀ ਤੇ ਝੂਠਾ ਸੀ, ਪਰ ਚੋਪੜੀਆਂ ਚਾਪੜੀਆਂ ਲਪੇਟਵੀਆਂ ਗੱਲਾਂ ਕਰ ਕਰ ਕੇ ਉਸ ਨੇ ਪਾਤਸ਼ਾਹ ਨੂੰ ਕਿਸ ਤਰ੍ਹਾਂ ਛਲ ਕੇ ਹੁੱਦਾ ਪਾ ਲਿਆ। ਇਹ ਨਿਰਾ ਪਾਤਸ਼ਾਹ ਤੇ ਦੂਜਿਆਂ ਦੀ ਮੂਰਖਤਾਈ ਤੇ ਭੋਲੇ ਹੋਨ ਦਾ ਕਾਰਣ ਸੀ। ਤੁਸੀਂ ਵੇਖਿਆ ਹੈ ਕਿ ਸਾਰਿਆਂ ਨੂੰ ਪਾਤਸ਼ਾਹ ਨੂੰ ਖ਼ੁਸ਼ ਕਰਨ ਲਈ ਜਰਾ ਵੀ ਸੱਚ ਆਖਣ ਦਾ ਹੀਆ ਨਾਂ ਪਿਆ। ਸਾਰਿਆਂ ਨੇ ਆਪਣੇ ਸਵਾਰਥ ਤੇ ਨਫੇ ਨੂੰ ਮੁਖ ਰੱਖ ਕੇ ਉਸ ਕਪਟੀ ਦੇ ਕਪਟਾਂ ਨੂੰ ਲੁਕਾਈ ਰੱਖਿਆ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਦਿਨੋ ਦਿਨ ਭੂਏ ਹੁੰਦਾ ਗਿਆ ਤੇ ਸਾਰਿਆਂ ਨੂੰ ਉਸ ਦਾ ਫਲ ਭੁਗ- ਤਣਾ ਪਿਆ। ਜੇ ਉਹ ਸਾਰੇ ਸੱਚੇ ਸੁੱਚੇ ਤੇ ਨਿਰਦੋਸ਼ ਹੁੰਦੇ ਤਾਂ ਕੀ ਮਜਾਲ ਸੀ ਕਿ ਲੂੰਬੜ ਵਰਗਾ ਕਪਟੀ ਤੇ ਫਰੇਬੀ ਪਾਤਸ਼ਾਹ ਦੇ ਦੰਡ ਤੋਂ ਬਚ ਕੇ ਨਿਕਲ ਜਾਂਦਾ। ਗਲ ਕੀ ਹਰ ਇੱਕ ਨੂੰ ਆਪਣੇ ਕੀਤੇ ਪਾਪਾਂ ਦਾ ਅੰਦਰੋ ਅੰਦਰ ਪਾਲਾ ਪਿਆ ਹੋਇਆ ਸੀ ਤੇ ਡਰਦਿਆਂ ਮਾਰਿਆਂ ਕੋਈ ਵੀ ਸੱਚ ਬੋਲਣ ਦੀ ਦਲੇਰੀ ਨਹੀਂ

ਸੀ ਕਰਦਾ। ਇਹ ਵੇਖ ੨ ਕੇ ਉਹ ਵੀ ਸਿਰੇ ਚੜ੍ਹੀ ਗਿਆ ॥

ਹੁਣ ਪਾਠਕਾਂ ਨੇ ਚੰਗੀ ਤਰ੍ਹਾਂ ਵੇਖ ਲਿਆ ਹੈ ਕਿ ਸਾਰਿਆਂ ਨੇ ਆਪਣੇ ਖੋਟੇ ਕਰਮਾਂ ਦਾ ਫਲ ਕਿਸ ਤਰ੍ਹਾਂ ਭੁਗਤਿਆ ਤੇ ਕਿਸ ਤਰ੍ਹਾਂ ਸ਼ੇਰ ਝੂਠੇ ਕੁਸ਼ਾਮ-ਤੀਆਂ ਦੇ ਵੱਸ ਆ ਕੇ ਆਪ ਦੁਖੀ ਹੋਇਆ ਤੇ ਦੂਜਿਆਂ ਨੂੰ ਨਾਲ ਦੁਖੀ ਕੀਤਾ। ਸੋ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਕਦੀ ਵੀ ਕੋਈ ਖੋਟਾ ਕਰਮ ਨਾਂ ਕਰੋ ਜਿਸ ਕਰ ਕੇ ਤੁਹਾਨੂੰ ਕਿਸੇ ਦਾ ਭੈ ਹੋਵੇ, ਤੇ ਉਸ ਭੈ ਤੋਂ ਡਰਦਿਆਂ ਮਾਰਿਆਂ ਸੱਚ ਝੂਠ ਨਾਂ ਨਿਤਾਰ ਸੱਕੋ। ਸੋ ਜਦ ਤੀਕ ਤੁਸੀਂ ਏਸ ਸੰਸਾਰ ਵਿੱਚ ਰਹੋ ਸਦਾ ਚੰਗੇ ਤੇ ਸ਼ੁਭ ਕਰਮ ਕਰੋ ਤੇ ਝੂਠੇ ਕੁਸ਼ਾਮਤੀਆਂ ਤੋਂ ਬਚੋ ਤੇ ਉਨ੍ਹਾਂ ਦੇ ਭੁਲੇਖੇ ਵਿੱਚ ਨਾ ਆਓ।

ਇਤੀ